परस्परोपग्रहो
जीवनाम्

# ਇਕ ਇੰਦਰੀ ਤੋਂ ਲੈਕੇ ਪੰਜ ਇੰਦਰੀਆਂ ਵਾਲੇ ਜੀਵ




ਜੂਨੇਰਾ ਕੰਪਿਊਟਰਜ਼
ਦਿੱਲੀ ਗੇਟ ਮਾਲੇਰਕੋਟਲਾ

ਰਿਸ਼ਿ ਭਾਸ਼ਿਤ ਸੂਤਰ

# ਰਿਸ਼ਿ ਭਾਸ਼ਿਤ ਸੂਤਰ




ਅਨੁਵਾਦਕ : ਪੁਰਸ਼ੋਤਮ ਜੈਨ - ਰਵਿੰਦਰ ਜੈਨ

# ਰਿਸ਼ਿ ਭਾਸ਼ਿਤ ਸੂਤਰ
# Rishi Bhashit Suttar



ਭਗਵਾਨ ਮਹਾਵੀਰ

ਪੰਜਾਬੀ ਅਨੁਵਾਦਕ:
ਪੁਰਸ਼ੋਤਮ ਜੈਨ ਰਵਿੰਦਰ ਜੈਨ

ਪ੍ਰਕਾਸ਼ਕ:
26 ਵੀਂ ਮਹਾਵੀਰ ਜਨਮ ਕਲਿਆਨਕ ਸ਼ਤਾਵਦੀ ਸੱਯੋਜਿਕਾ ਸੰਮਤੀ ਪੰਜਾਬ
ਪੂਰਾਣਾ ਬੱਸ ਸਟੈਂਡ ਮਹਾਵੀਰ ਸਟਰੀਟ, ਮਾਲੇਰਕੋਟਲਾ ਜ਼ਿਲ੍ਹਾ ਸੰਗਰੂਰ।

ਪਬਲੀਸ਼ਰਜ਼:
ਜ਼ੂਨੈਰ੍ਹਾ ਕੰਪਿਊਟਰਜ਼, ਮਾਲੇਰਕੋਟਲਾ

# ਅਨੁਵਾਦਕਾਂ ਵੱਲੋਂ

ਸੰਸਾਰ ਦੇ ਪ੍ਰਾਚੀਨ ਧਰਮਾਂ ਵਿੱਚੋਂ ਜੈਨ ਧਰਮ ਇੱਕ ਪ੍ਰਾਚੀਨ ਧਰਮ ਹੈ। ਜਿਸ ਦੀ ਅਪਣੀ ਵੱਖਰੀ ਪਹਿਚਾਨ, ਸੰਸਕ੍ਰਿਤੀ, ਭਾਸ਼ਾ, ਸਿਧਾਂਤ, ਦਰਸ਼ਨ, ਇਤਿਹਾਸ ਅਤੇ ਧਰਮ ਗ੍ਰੰਥਾਂ ਦੀ ਲੰਬੀ ਪ੍ਰੰਪਰਾ ਹੈ। ਜੈਨ ਧਰਮ ਦਾ ਇੱਕ ਮੁੱਖ ਸਿਧਾਂਤ ਹੈ ਅਨੈਕਾਂਤਵਾਦ, ਜਿਸ ਦਾ ਅਰਥ ਹੈ ਕਿ ਜੋ ਮੈਂ ਆਖਦਾ ਹਾਂ ਉਹ ਹੀ ਆਖਰੀ ਸੱਚ ਨਹੀਂ ਹੈ। ਸੱਚ ਬੋਹੁ ਪੱਖੀ ਹੁੰਦਾ ਹੈ। ਉਦਾਹਰਨ ਦੇ ਤੌਰ ਤੇ ਇੱਕ ਵਿਅਕਤੀ ਇਕੋ ਸਮੇਂ ਕਿਸੇ ਦਾ ਭਾਈ ਹੈ, ਕਿਸੇ ਇਸਤਰੀ ਦਾ ਪਤੀ ਹੈ ਅਤੇ ਕਿਸੇ ਦਾ ਦੋਸਤ ਹੈ। ਹਰ ਵਿਅਕਤੀ ਇਕੋ ਸਮੇਂ ਭਿੰਨ ਭਿੰਨ ਵਿਅਕਤੀਆਂ ਨਾਲ ਅੱਡ ਅੱਡ ਰਿਸ਼ਤੇ ਰੱਖਦਾ ਹੈ ਇਸੇ ਪ੍ਰਕਾਰ ਅਨੈਕਾਂਤਵਾਦ ਦਾ ਸਿਧਾਂਤ **ਹੀ** ਦੀ ਥਾਂ ਤੇ **ਵੀ** ਵਿੱਚ ਵਿਸ਼ਵਾਸ ਰੱਖਦਾ ਹੈ।

ਰਿਸ਼ਿ ਭਾਸ਼ਿਤ ਸੂਤਰ ਇਸ ਦਾ ਇੱਕ ਜਿਉਂਦਾ ਜਾਗਦਾ ਉਦਾਹਰਨ ਹੈ ਜਿਸ ਵਿੱਚ ਜੈਨ ਰਿਸ਼ਿਆਂ ਤੋਂ ਛੁੱਟ ਬ੍ਰਾਹਮਣ ਅਤੇ ਬੁੱਧ ਪ੍ਰੰਪਰਾ ਦੇ ਰਿਸ਼ਿਆਂ ਦੀ ਬਾਣੀ ਦਰਜ ਕੀਤੀ ਗਈ ਹੈ। ਇਹ ਅਨੈਕਾਂਤਵਾਦ ਦਾ ਇੱਕ ਸੁੰਦਰ ਤਜਰਬਾ ਹੈ।

ਰਿਸ਼ਿ ਭਾਸ਼ਿਤ ਸੂਤਰ ਦੀ ਭਾਸ਼ਾ ਪ੍ਰਾਚੀਨ ਅਰਧਮਾਗਧੀ ਪ੍ਰਾਕ੍ਰਿਤ ਹੈ। ਇਹ ਭਾਸ਼ਾ ਪ੍ਰਾਚੀਨ ਆਗਮ ਸੂਤਰਕ੍ਰਿਤਾਂਗ ਦੇ ਨਾਲ ਕਾਫੀ ਮਿਲਦੀ ਜੁਲਦੀ ਹੈ। ਸਥਾਨੰਗ ਸੂਤਰ ਅਨੁਸਾਰ ਇਸ ਗ੍ਰੰਥ ਦੇ 44 ਅਧਿਐਣ ਹਨ। ਪੱਛਮੀ ਵਿਚਾਰਕ ਡਾ: ਸੁਬਰਿੰਗ ਦੇ ਅਨੁਸਾਰ 45ਵਾਂ ਅਧਿਐਣ ਬਾਅਦ ਵਿੱਚ ਜੋੜਿਆ ਗਿਆ ਹੈ। ਆਗਮਕਾਰ ਨੇ ਹਰ ਰਿਸ਼ਿ ਨੂੰ ਅਰਹਤ ਰਿਸ਼ਿ ਭਾਸ਼ਿਤ ਦੇ ਸੰਬੋਧਨ ਦੇ ਨਾਲ ਨਾਲ ਉਸ ਦੀ ਪ੍ਰੰਪਰਾ ਦਾ ਵਰਨਣ ਵੀ ਕਰ

ਦਿੱਤਾ ਹੈ। ਇਸ ਵਿੱਚ ਮਹਾਤਮਾ ਬੁੱਧ, ਮੰਖਲੀ ਪੁੱਤਰ, ਅੰਬੜਪ੍ਰੀਵਰਾਜਕ, ਵਰਧਮਾਨ ਅਤੇ ਪਾਰਸ਼ ਦੇ ਇਤਿਹਾਸ਼ਕ ਨਾਓ ਵਰਨਣ ਯੋਗ ਹਨ।

ਸੰਗ੍ਰਿਹਣੀ ਸੂਤਰ ਅਨੁਸਾਰ ਇਸ ਵਿੱਚ 45 ਪਰਤੇਕ ਬੁਧਾਂ ਦੀ ਬਾਣੀ ਦਰਜ ਹੈ। ਇਹ ਰਿਸ਼ਿ ਮੁਨੀ 22ਵੇਂ ਤੀਰਥੰਕਰ ਅਰਿਸ਼ਟਨੇਮੀ, ਭਗਵਾਨ ਪਾਰਸ਼ਨਾਥ ਅਤੇ ਵਰਧਮਾਨ ਮਹਾਂਵੀਰ ਸਮੇਂ ਹੋਏ ਹਨ। ਰਿਸ਼ਿ ਭਾਸ਼ਿਤ ਇਕ ਪੁਰਾਤਨ ਗ੍ਰੰਥ ਹੈ ਜਿਸ ਦਾ ਵਰਨਣ ਸਥਾਨਗ ਸੂਤਰ ਤੋਂ ਛੁੱਟ ਨੰਦੀ ਸੂਤਰ ਵਿੱਚ ਵਿਸਤਾਰ ਨਾਲ ਮਿਲਦਾ ਹੈ।

ਹੱਥਲਾ ਅਨੁਵਾਦ:

ਲੰਬੇ ਸਮੇਂ ਤੋਂ ਇਸ ਗ੍ਰੰਥ ਦਾ ਅਨੁਵਾਦ ਕਿਸੇ ਵਿਦਵਾਨ ਨੇ ਨਹੀਂ ਕੀਤਾ ਸੀ। ਫਿਰ ਪ੍ਰਸਿੱਧ ਜੈਨ ਮੁਨੀ ਜਿਨ ਵਿਜੈ ਨੇ ਇਸ ਦੇ ਪਾਠ ਦਾ ਸੰਕਾਲਨ ਕੀਤਾ ਡਾ: ਸੁਬਰਿੰਗ ਨੇ ਇਸ ਗ੍ਰੰਥ ਤੇ ਵਿਸਤਾਰ ਨਾਲ ਟੀਕਾ ਲਿਖੀ ਉਹਨਾਂ ਇਸ ਗ੍ਰੰਥ ਦੀ ਸੰਸਕ੍ਰਿਤ ਟੀਕਾ ਤੇ ਵੀ ਕੰਮ ਕੀਤਾ ਹੈ, ਜੋ ਸੰਸਾਰ ਪ੍ਰਸਿੱਧ ਹੈ। ਇਸ ਗ੍ਰੰਥ ਦਾ ਹਿੰਦੀ, ਗੁਜਰਾਤੀ ਅਨੁਵਾਦ ਟੀਕਾ ਸਮੇਤ ਮੰਤਰੀ ਸ੍ਰੀ ਸੁਭਾਗ ਮੁਨੀ ਜੀ ਦੇ ਚੇਲੇ ਸ਼੍ਰੀ ਮਨੋਹਰ ਮੁਨੀ ਸ਼ਾਸ਼ਤਰੀ ਜੀ ਨੇ ਵਿਸਥਾਰ ਨਾਲ ਕੀਤਾ ਅਤੇ ਪੰਡਤ ਨਰਾਇਣ ਰਾਮ ਅਚਾਰਿਆ ਨੇ ਇਸ ਗ੍ਰੰਥ ਨੂੰ ਸੋਧ ਕੇ ਸੁਧਰਮਾ ਗਿਆਨ ਮੰਦਰ 170, ਕਾਂਨਦਾਵਾੜੀ ਬੰਬਈ ਤੋਂ ਛਪਵਾਇਆ। ਇਹ ਅਨੁਵਾਦ ਦੀਵਾਲੀ ਵਾਲੇ ਦਿਨ 1963 ਨੂੰ ਪ੍ਰਕਾਸ਼ਤ ਹੋਇਆ।

ਇਸ ਗ੍ਰੰਥ ਦੀ ਲੋੜ ਨੂੰ ਮਹਿਸੂਸ ਕਰਦੇ ਹੋਏ ਅਸੀਂ ਇਸ ਗ੍ਰੰਥ ਦਾ ਪੰਜਾਬੀ ਅਨੁਵਾਦ ਕੀਤਾ ਹੈ। ਜਿਸ ਦਾ ਆਧਾਰ ਸ਼੍ਰੀ ਮਨੋਹਰ ਮੁਨੀ ਜੀ ਦਾ ਹਿੰਦੀ, ਗੁਜਰਾਤੀ ਟੀਕਾ ਹੈ। ਗ੍ਰੰਥ ਵਿੱਚ ਰਹਿਆਂ ਹਰ ਪ੍ਰਕਾਰ ਦੀਆਂ ਗਲਤੀਆਂ ਲਈ ਅਸੀਂ ਵਿਦਵਾਨਾਂ ਤੋਂ ਖਿਮਾਂ ਮੰਗਦੇ ਹਾਂ ਅਤੇ ਆਸ ਕਰਦੇ ਹਾਂ

ਕਿ ਉਹ ਸਾਨੂੰ ਇਸ ਗ੍ਰੰਥ ਵਿੱਚ ਸੁਧਾਰ ਕਰਨ ਲਈ ਸੁਝਾਉ ਦੇਣਗੇ ਜੋ ਅਸੀਂ ਅਗਲੇ ਅਡਿਸ਼ਨ ਵਿੱਚ ਇਸਤਮਾਲ ਕਰਾਂਗੇ।

ਧੰਨਵਾਦ:

ਅਸੀਂ ਸ਼੍ਰੀ ਵਿਨੋਦ ਦਰਿਆਪੁਰ ਇੰਚਾਰਜ ਜੈਨ ਵਰਲਡ ਦੇ ਵੀ ਧੰਨਵਾਦੀ ਹਾਂ ਕਿ ਜਿਹਨਾਂ ਪੰਜਾਬੀ ਜੈਨ ਸਾਹਿਤ ਨੂੰ ਅਪਣੀ ਵੈਬ ਸਾਇਟ ਤੇ ਯੋਗ ਸਥਾਨ ਦਿਤਾ ਹੈ ਜਿਸ ਰਾਹੀਂ ਪੰਜਾਬੀ ਜੈਨ ਸਾਹਿਤ ਆਮ ਲੋਕਾਂ ਤੱਕ ਪਹੁੰਚ ਸਕਿਆ ਹੈ। ਅਸੀਂ ਸੁਨੀਲ ਦੇਸ਼ ਮਣੀ ਸ਼ੋਲਾਪੁਰ ਦੇ ਸਹਿਯੋਗ ਲਈ ਵੀ ਧੰਨਵਾਦੀ ਹਾਂ।

ਅਸੀਂ ਅਪਣੇ ਛੋਟੇ ਵੀਰ *ਸ਼੍ਰੀ ਮੁਹੰਮਦ ਸ਼ੱਬੀਰ (ਜ਼ੁਨੈਰ੍ਹਾ ਕੰਪਿਊਟਰਜ਼, ਮਾਲੇਰਕੋਟਲਾ)* ਦੇ ਵੀ ਧੰਨਵਾਦੀ ਹਾਂ ਜਿਹਨਾਂ ਅਪਣਾ ਵਿਸ਼ੇਸ਼ ਧਿਆਨ ਅਤੇ ਸਹਿਯੋਗ ਇਸ ਪ੍ਰਕਾਸ਼ਨ ਵਿੱਚ ਦਿੱਤਾ ਹੈ।

ਆਸ਼ੀਰਵਾਦ:

ਸਾਨੂੰ ਪੰਜਾਬੀ ਜੈਨ ਸਾਹਿਤ ਲਈ ਆਚਾਰਿਆ ਸ਼੍ਰੀ ਆਨੰਦ ਰਿਸ਼ੀ ਜੀ, ਆਚਾਰਿਆ ਸ਼੍ਰੀ ਦੇਵੇਂਦਰ ਮੁਨੀ ਜੀ, ਆਚਾਰਿਆ ਸ਼੍ਰੀ ਸ਼ੁਸ਼ੀਲ ਕੁਮਾਰ ਜੀ, ਆਚਾਰਿਆ ਸ਼੍ਰੀ ਤੁਲਸੀ ਜੀ, ਆਚਾਰਿਆ ਸ਼੍ਰੀ ਮਹਾਂ ਪ੍ਰਗੀਆ ਜੀ, ਆਚਾਰਿਆ ਸ਼੍ਰੀ ਵਿਜੈਇੰਦਰ ਦਿਨ ਸ਼ੂਰੀ, ਆਚਾਰਿਆ ਸ਼੍ਰੀ ਨਿਤਿੱਆ ਨੰਦ ਸ਼ੂਰੀ ਜੀ ਅਤੇ ਸ਼੍ਰਮਣ ਸੰਘ ਦੇ ਚੋਥੇ ਆਚਾਰਿਆ ਡਾ: ਸ਼ਿਵ ਮੁਨੀ ਜੀ ਦੇ ਆਸ਼ੀਰਵਾਦ ਪ੍ਰਾਪਤ ਰਹੇ ਹਨ। ਇਸ ਤੋਂ ਛੁਟ ਆਚਾਰਿਆ ਮਹਾਂ ਪ੍ਰਗੀਆ ਦੇ

ਚੈਲੇ ਸਵਰਗੀ ਸ਼੍ਰੀ ਵਰਧਮਾਨ ਜੀ ਅਤੇ ਸ਼੍ਰੀ ਜੈ ਚੰਦ ਜੀ ਦੇ ਆਸ਼ੀਰਵਾਦ ਪ੍ਰਾਪਤ ਹਨ। ਸਾਧਵੀਆਂ ਵਿੱਚ ਪੰਜਾਬੀ ਜੈਨ ਸਾਹਿਤ ਪ੍ਰੇਰਕਾ ਜੈਨ ਜਯੋਤੀ ਉਪ ਪ੍ਰਵਰਤਨੀ ਸ਼੍ਰੀ ਸ਼ਵਰਨਕਾਂਤਾ ਜੀ ਮਹਾਰਾਜ, ਉਹਨਾਂ ਦੀ ਵਿਦਵਾਨ ਚੇਲੀ ਸਾਧਵੀ ਸ਼੍ਰੀ ਸੁਧਾ ਜੀ ਮਹਾਰਾਜ ਅਤੇ ਆਚਾਰਿਆ ਸਾਧਵੀ ਡਾ: ਸਾਧਨਾ ਜੀ ਦੇ ਆਸ਼ੀਰਵਾਦ ਪ੍ਰਾਪਤ ਹਨ। ਆਸ ਕਰਦੇ ਹਾਂ ਕਿ ਭਵਿੱਖ ਵਿੱਚ ਵੀ ਇਹਨਾਂ ਦਾ ਆਸ਼ਿਰਵਾਦ ਬਣਿਆ ਰਹੇਗਾ।

ਸ਼ੁਭ ਚਿੰਤਕ:

11/10/2007 ਪੁਰਸ਼ੋਤਮ ਜੈਨ, ਰਵਿੰਦਰ ਜੈਨ

ਮੰਡੀ ਗੋਬਿੰਦਗੜ੍ਹ ਅਨੁਵਾਦਕ

# ਸਮਰਪਣ



ਧਰਮ ਭਰਾ ਸ਼੍ਰਮਣੋਪਾਸਕ
ਸ਼੍ਰੀ ਪਰਸ਼ੋਤਮ ਜੈਨ ਸਾਹਿਬ ਮੰਡੀ ਗੋਬਿੰਦਗੜ੍ਹ
ਨੂੰ ਜਨਮ ਦਿਨ ਦੇ ਸ਼ੁਭ ਮੌਕੇ ਤੇ
ਸ਼ਰਧਾ ਤੇ ਪ੍ਰੇਮ ਨਾਲ ਭੇਂਟ

**ਭੇਂਟ ਕਰਤਾ: ਰਵਿੰਦਰ ਜੈਨ**

# ਰਿਸ਼ਿ ਭਾਸ਼ਿਤ ਸੂਤਰ

## ਪਹਿਲਾ ਅਧਿਐਨ (ਦੇਵ ਨਾਰਦ ਅਰਹਤ ਰਿਸ਼ਿ ਭਾਸ਼ਿਤ)

"ਸੁਨਣਾ ਚਾਹਿਦਾ ਹੈ ਅਜਿਹਾ ਜਿਨੇਸਵਰ ਪ੍ਰਮਾਤਮਾ ਦਾ ਅਜਿਹਾ ਫਰਮਾਨ ਹੈ। ਸੁਨਣ ਨਾਲ ਆਤਮਾ ਖਿਮਾਵਾਨ ਬਨ ਕੇ ਦੁਖਾਂ ਤੋਂ ਮੁਕਤ ਹੋ ਜਾਂਦੀ ਹੈ। ਇਸ ਲਈ ਸੁਨਣ ਤੋਂ ਵੱਧ ਕੇ ਕੁੱਝ ਵੀ ਪਵਿੱਤਰ ਨਹੀਂ" ਇਸ ਪ੍ਰਕਾਰ ਦੇਵ ਨਾਰਦ ਅਰਹਤ ਰਿਸ਼ਿ ਆਖਦੇ ਹਨ। ॥1-2॥

"ਤਿੰਨ ਕਰਨ ਅਤੇ ਤਿੰਨ ਯੋਗ ਰਾਹੀਂ ਹਿੰਸਾ ਨਾ ਖੁਦ ਕਰੇ ਅਤੇ ਨਾ ਕਿਸੇ ਹੋਰ ਤੋਂ ਕਰਵਾਵੇ ਨਾਂ ਕਰਨ ਵਾਲੇ ਦੀ ਪ੍ਰਸ਼ੰਸਾ ਕਰੇ, ਇਹ ਪਹਿਲਾ ਸੁਨਣ ਦਾ ਲੱਛਣ ਹੈ"। ॥3॥

"ਤਿੰਨ ਕਰਨ ਤਿੰਨ ਯੋਗ ਤੋਂ ਸਾਧੂ ਨਾ ਝੂਠ ਬੋਲੇ, ਨਾ ਕਿਸੇ ਤੋਂ ਬੁਲਾਵੇ, ਨਾ ਝੂਠਾ ਉਪਦੇਸ਼ ਦੇਵੇ ਇਹ ਸੁਨਣ ਦਾ ਦੂਸਰਾ ਲੱਛਣ ਹੈ"। ॥ 4॥

"ਸਾਧੂ ਤਿੰਨ ਕਰਨ ਤਿੰਨ ਯੋਗ ਤੋਂ ਨਾ ਚੋਰੀ ਕਰੇ ਨਾ ਕਰਵਾਏ ਇਹ ਸੁਨਣ ਦਾ ਤੀਸਰਾ[1] ਲੱਛਣ ਹੈ"। ॥5॥

"ਕਾਮ ਭੋਗ ਅਤੇ ਪਰਿਗ੍ਰਹਿ ਨੂੰ ਸਾਧਕ ਤਿੰਨ ਕਰਨ, ਤਿੰਨ ਯੋਗ ਤੋਂ ਤਿਆਗ ਦੇਵੇ ਇਹ ਚੋਥਾ ਸੁਨਣ ਦਾ ਲੱਛਣ ਹੈ"। ॥6॥

"ਸਾਧੂ ਸਾਰੀਆਂ ਵਿਧਿਆਂ ਰਾਹੀਂ ਸੱਭ ਪ੍ਰਕਾਰ ਦੀ ਮਮਤਾ ਤੋਂ ਦੂਰ ਹੋ ਕੇ, ਤਿਆਗੀ ਜੀਵਨ ਗੁਜਾਰੇ"। ॥7॥

"ਸਾਧੂ ਹਮੇਸ਼ਾ ਤਿਆਗੀ ਅਤੇ ਸ਼ਾਂਤ ਹੁੰਦਾ ਹੈ ਉਹ ਅੰਦਰਲੇ ਬਾਹਰਲੇ ਸੰਜੋਗਾਂ ਤੋਂ ਅੱਡ ਹੋ ਕੇ, ਸਾਰੇ ਪਦਾਰਥਾਂ ਪ੍ਰਤੀ ਵਿਕਾਰ ਭਾਵ ਤੋਂ ਰਹਿਤ ਹੋ ਕੇ ਚੱਲੇ"।॥8॥

"ਸਭ ਪ੍ਰਕਾਰ ਦੇ ਸੁਨਣ ਨੂੰ ਗ੍ਰਹਿਣ ਕਰਕੇ ਸਾਧੂ ਪ੍ਰਸ਼ੰਸਾ ਯੋਗ ਬਨ ਜਾਂਦਾ ਹੈ। ਇਸ ਤੋਂ ਬਾਅਦ ਦੁਖਾਂ ਤੋਂ ਮੁਕਤ ਹੋ ਕੇ ਅਤੇ ਕਰਮਾਂ ਦੀ ਧੂੜ ਨੂੰ ਸਮਾਪਤ ਕਰਕੇ ਸਿਧ ਹੋ ਜਾਂਦਾ ਹੈ"। ॥9॥

"ਸਾਧੂ ਸੱਚ ਦੀ ਉਪਾਸਨਾ ਕਰਦਾ ਹੈ, ਦਿੱਤਾ ਹੋਇਆ ਭੋਜਨ ਹੀ ਸਵਿਕਾਰ ਕਰਦਾ ਹੈ। ਬ੍ਰਹਮਚਰਜ ਦੀ ਉਪਾਸਨਾ ਕਰਦਾ ਹੈ। ਸਾਧੂ ਲਈ ਸੱਚ ਹੀ ਉਪਾਸਨਾ ਹੈ ਦਿਤਾ ਹੋਇਆ ਭੋਜਨ ਵੀ ਉਪਾਸਨਾ ਹੈ ਅਤੇ ਸਾਧੂ ਲਈ ਬ੍ਰਹਮਚਰਜ ਵੀ ਉਪਾਸਨਾ ਹੈ"। ॥10॥

"ਇਸ ਪ੍ਰਕਾਰ ਉਹ ਸਾਧਕ ਗਿਆਨੀ ਪਾਪ ਰਹਿਤ ਬਣਦਾ ਹੈ ਅਤੇ ਫਿਰ ਇਸ ਸੰਸਾਰ ਦੇ ਧਮਦਿਆਂ ਲਈ ਜਨਮ ਮਰਨ ਪ੍ਰਾਪਤ ਨਹੀਂ ਕਰਦਾ ਹੈ"।

***********

ਟਿਪਣੀ ਸਲੋਕ 5: ਤਿੰਨ ਕਰਨ ਹਨ, ਕਿਸੇ ਕੰਮ ਨੂੰ ਆਪ ਕਰਨਾ, ਦੂਸਰੇ ਤੋਂ ਕਰਵਾਉਣਾ, ਕਿਸੇ ਕਰਦੇ ਨੂੰ ਚੰਗਾ ਜਾਨਣਾ ਅਤੇ ਤਿੰਨ ਯੋਗ ਹਨ: ਮਨ, ਵਚਨ ਅਤੇ ਕਾਇਆ। ਇਹ ਅਧਿਆਏ ਕਾਫੀ ਪ੍ਰਾਚੀਨ ਜਾਪਦਾ ਹੈ ਕਿਉਂਕਿ ਇਸ ਅਧਿਐਨ ਵਿਚ ਮੁਨੀ ਦੇ ਪੰਜ ਮਹਾਂ ਵਰਤਾਂ ਦੀ ਥਾਂ ਤੇ ਚਾਰ ਮਹਾਂ ਵਰਤਾਂ ਦਾ ਵਰਨਣ ਹੈ। ਜੈਨ ਮਾਨਤਾ ਹੈ ਕਿ ਪਹਿਲੇ ਅਤੇ ਅੰਤਮ ਤੀਰਥੰਕਰ ਦੇ ਸਾਧੂ ਪੰਜ ਮਹਾਂ ਵਰਤਾਂ ਦਾ ਪਾਲਨ ਕਰਦੇ ਹਨ ਅਤੇ ਬਾਕੀ ਤੀਰਥੰਕਰਾਂ ਦੇ ਸਾਧੂ ਚਾਰ ਮਹਾਂ ਵਰਤਾਂ ਦਾ ਪਾਲਨ ਕਰਦੇ ਹਨ। ਅਪਰੀਗ੍ਰਹਿ ਵਿਚ ਹੀ ਬ੍ਰਹਮਚਰਜ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਬਾਰੇ ਉਤਰਾਧਿਐਨ ਸੂਤਰ ਵਿੱਚ ਕੇਸ਼ੀ ਗੋਤਮ ਵਾਰਤਾਲਾਪ ਅਤੇ ਬੁੱਧ ਧਰਮ ਗ੍ਰੰਥਾਂ ਵਿੱਚ ਚਤੁਰ ਯਾਮ ਦੇ ਨਾਂ ਹੇਠ ਵਰਨਣ ਮਿਲਦਾ ਹੈ।

# ਦੂਸਰਾ ਅਧਿਐਨ (ਵੱਜੀਆ ਪੁਤਰ ਅਰਹਤ ਰਿਸ਼ਿ ਭਾਸ਼ਿਤ)

"ਕਰਮਾ ਵਿਚ ਫਸੀ ਆਤਮਾ ਦੁਖ ਤੋਂ ਡਰ ਕੇ ਭਜਦੀ ਹੈ। ਪਰ ਅਗਿਆਨਤਾ ਵਸ ਫਿਰ ਉਸੇ ਨੂੰ ਗ੍ਰਹਿਣ ਕਰਦੀ ਹੈ। ਜਿਵੇਂ ਲੜਾਈ ਵਿਚੋਂ ਭੱਜੀ ਫੌਜ ਨੂੰ ਦੁਸ਼ਮਣ ਦੀ ਫੋਜ ਘੇਰ ਲੈਂਦੀ ਹੈ" ਵੱਜੀ ਅਰਹਤ ਰਿਸ਼ਿ ਨੇ ਆਖਿਆ। ॥1॥

"ਮਨੁਖ ਦੁਖਾਂ ਨਾਲ ਜਕੜਿਆ ਹੋਇਆ ਹੈ ਮੌਤ ਅਤੇ ਜਿੰਦਗੀ ਦੇ ਡਰ ਤੋਂ ਸਾਰੀਆਂ ਆਂਤਮਾਵਾ ਕੰਬਦੀਆਂ ਹਨ। ਉਹ ਦੁੱਖ ਦੇ ਖਾਤਮੇ ਦੀ ਖੋਜ ਵਿੱਚ ਹਨ। ਇਸ ਖੋਜ ਕਾਰਨ ਉਹ ਛੋਟੀ ਤੋਂ ਛੋਟੀ ਹਿੰਸਾ ਕਰਨ ਤੋਂ ਵੀ ਨਹੀਂ ਡਰਦਾ"। ॥2॥

"ਆਤਮਾ ਅਪਣੇ ਕੀਤੇ ਕਰਮਾ ਕਾਰਨ, ਬਨਿਆਂ ਹੋਇਆ ਪ੍ਰਲੋਕ ਵਿਚ ਜਾਂਦਾ ਹੈ। ਅਪਣੇ ਹੀ ਕਰਮਾ ਰਾਹੀਂ ਫੇਰ, ਇਸ ਸੰਸਾਰ ਵਿਚ ਆਉਂਦਾ ਹੈ। ਇਸ ਪ੍ਰਕਾਰ ਆਉਂਦੇ ਜਾਂਦੇ ਆਪਣੇ ਕੀਤੇ ਕਰਮ ਰਾਹੀ ਸਿੰਜੇ ਜਨਮ ਤੇ ਮਰਨ ਦੀ ਪ੍ਰੰਪਰਾ ਵਿੱਚ ਫੰਸਦਾ ਹੈ"। ॥3॥

"ਬੀਜ ਤੋਂ ਅੰਕੁਰ ਫੁਟਦਾ ਹੈ, ਅੰਕੁਰ ਵਿਚੋਂ ਬੀਜ ਨਿਕਲਦੇ ਹਨ। ਬੀਜਾਂ ਦੇ ਸੰਜੋਗ ਨਾਲ ਅੰਕੁਰਾਂ ਦੀ ਸੰਪਤੀ ਵੱਧਦੀ ਹੈ। ਅਨਾਦੀ ਸੰਸਾਰ ਵਿੱਚ ਕਰਮ ਬੀਜ ਦੀ ਤਰ੍ਹਾਂ ਹੈ। ਮੋਹ ਜਿਤ ਵਾਲੇ ਦੇ ਲਈ, ਉਹਨਾਂ ਬੀਜਾਂ ਨਾਲ ਕਰਮ ਪ੍ਰੰਪਰਾ ਅੱਗੇ ਵੱਧਦੀ ਹੈ"। ॥4-5॥

"ਜੜ ਸਿੰਜਨ ਨਾਲ ਫਲ ਪੈਦਾ ਹੋਵੇਗਾ ਅਤੇ (ਮੂਲ) ਜੜ ਦੇ ਨਸ਼ਟ ਹੋ ਜਾਣ ਤੇ ਫਲ ਅਪਣੇ ਆਪ ਨਸ਼ਟ ਹੋ ਜਾਵੇਗਾ। ਇਸੇ ਲਈ ਫਲ ਦਾ ਇਛੁਕ ਜੜ ਸਿੰਜਦਾ ਹੈ। ਫਲ ਨਾ ਚਾਹੁਣ ਵਾਲ ਜੜ ਨੂੰ ਨਹੀਂ ਸਿੰਜਦਾ"। ॥6॥

"ਸੰਸਾਰ ਦੇ ਸਾਰੇ ਪ੍ਰਾਣੀਆਂ ਦੀ ਅਸ਼ਾਂਤੀ ਅਤੇ ਜਨਮ ਮਰਨ ਦਾ ਮੂਲ਼ ਕਾਰਨ ਮੋਹ ਹੈ ਸਾਰੇ ਦੁਖਾਂ ਦੀ ਜੜ ਵਿੱਚ ਮੋਹ ਕੰਮ ਕਰ ਰਿਹਾ ਹੈ ਅਤੇ ਜਨਮ ਦਾ ਮੂਲ਼ ਵੀ ਮੋਹ ਹੈ"। ॥7॥

"ਇਸ ਦੁਖ ਨਾਲ ਭਰੇ ਸੰਸਾਰ ਵਿੱਚ ਆਤਮਾ ਅਗਿਆਨ ਦੇ ਕਾਰਨ ਡੁਬੀਆ ਹੋਇਆ ਹੈ। ਜਿਵੇਂ ਸ਼ੇਰ ਬਾਨ ਦੀ ਉਤਪਤੀ ਦੀ ਜਗ੍ਹਾ ਨੂੰ ਵੇਖਦਾ ਹੈ ਉਸੇ ਪ੍ਰਕਾਰ ਤੂੰ ਦੁੱਖ ਦੀ ਉਤਪਤੀ ਦੇ ਕਾਰਨ, ਕਰਮਾ ਦਾ ਪੂਰਨ ਰੂਪ ਵਿੱਚ ਖਾਤਮਾ ਕਰੇ, ਅਜਿਹਾ ਕਰਨ ਵਾਲੀ ਸਿੱਧ ਬੁੱਧ ਆਤਮਾ ਸੰਸਾਰ ਵਿੱਚ ਫੇਰ ਨਹੀਂ ਆਉਂਦੀ"। ॥8-9॥

ਇਸ ਪ੍ਰਕਾਰ ਵਜਿਆ ਪੁਤਰ ਨੇ ਕਿਹਾ ਹੈ।

## ਤੀਸਰਾ ਅਧਿਐਨ (ਦੇਵਲ ਅਰਹਤ ਰਿਸ਼ਿ ਭਾਸ਼ਿਤ)

"ਸਾਰੇ ਲੇਪਾਂ ਤੋਂ ਮੁਕਤ ਹੋਣਾ ਚਾਹਿਦਾ ਹੈ। ਲੇਪਾਂ ਨਾਲ ਢੱਕਿਆਂ ਆਤਮਾ, ਅਨੇਕਾਂ ਜਨਮ, (ਜੂਨੀ) ਦੇ ਡਰ ਜਾਣ ਤੋਂ ਮੁਕਤ ਹੋ ਕੇ ਚਾਰ ਪ੍ਰਕਾਰ ਦੇ ਸੰਸਾਰ ਸਾਗਰ ਨੂੰ ਪਾਰ ਕਰਕੇ, ਸ਼ਿਵ, ਅਚਲ, ਅਤੁਲ, ਪੁਨਰਭਵ ਅਤੇ ਪੁਨਰਗਮਨ ਰਹਿਤ ਸ਼ਾਸਵਤ ਸਥਾਨ ਨੂੰ ਪ੍ਰਾਪਤ ਕਰਦੀ ਹੈ"।

"ਲੇਪਾਂ ਰਹਿਤ ਆਤਮਾ ਸਾਰੀਆਂ ਵਾਸਨਾਵਾਂ ਤੋਂ ਰਹਿਤ ਹੁੰਦੀ ਹੈ। ਸਾਰੇ ਮੇਲ ਮਿਲਾਪ ਅਤੇ ਸੱਭ ਸੁਨੇਹਾਂ ਤੋਂ ਮੁਕਤ ਹੁੰਦੀ ਹੈ, ਸਾਰੀਆਂ ਅਸ਼ੁਭ ਸ਼ਕਤੀਆਂ ਤੋਂ ਮੁਕਤ ਹੋ ਕੇ, ਕਰੋਧ, ਮਾਨ, ਮਾਇਆ ਅਤੇ ਲੋਭ ਦੇ ਸਭ ਵਿਕਾਰਾਂ ਤੋਂ ਦੂਰ ਰਹਿੰਦੀ ਹੈ। ਸਾਰੇ ਵਾਸ਼ਦਾਨ (ਕਪੜੇ ਪਹਿਨਨਾ) ਤੋਂ ਮੁਕਤ ਹੋ ਕੇ, ਸ਼੍ਰੇਸ਼ਠ ਰੂਪ ਵਿੱਚ ਸਾਰੀਆਂ ਪਾਪਕਾਰੀ ਵਿਰਤੀਆਂ ਨੂੰ ਢੱਕ ਕੇ, ਸ਼੍ਰੇਸ਼ਠ ਰੂਪ ਵਿਚ ਸਾਰੀਆਂ ਵਾਸਨਾਵਾਂ, ਸਾਰੇ ਸਥਾਨਾ (ਅੰਦਰਲੇ, ਬਾਹਰਲੇ) ਸਾਰੇ ਰੂਪਾਂ ਵਿੱਚ (ਸ਼੍ਰੇਸਠ) ਸ਼ਾਂਤ ਹੁੰਦਾ ਹੈ, ਨਾਲ ਹੀ ਉਹ ਸਭ ਪ੍ਰਕਾਰ ਨਾਲ ਵਿਆਪਤ ਹੋਕੇ ਸਭ ਦੇ ਨਾਲ ਰਹਿੰਦਾ ਹੈ। ਇਸ ਲਈ ਮੈਂ ਸਾਰੇ ਲੇਪਾਂ ਤੋਂ ਮੁਕਤ ਹੋਵਾਂਗਾ" ਇਸ ਪ੍ਰਕਾਰ ਅਸਿਤ ਦੇਵਲ ਅਰਹਤ ਰਿਸ਼ਿ ਨੇ ਆਖਿਆ।

"ਰਾਗ ਵੇਸ਼ ਵਿੱਚ ਵਸੀ ਆਤਮਾ ਸੂਖਮ ਅਤੇ ਸਥੂਲ ਕਿਸੇ ਪ੍ਰਕਾਰ ਦੀ ਹਿੰਸਾ ਕਰਦਾ ਹੈ ਫਿਰ ਪਾਪ ਕਰਮਾਂ ਵਿਚ ਲਿੱਬੜਿਆ ਰਹਿੰਦਾ ਹੈ"। ॥1॥

"ਜੋ ਸਾਧਕ ਥੋੜਾ ਜਿਆਦਾ ਪਰਿਗ੍ਰਹਿ ਗ੍ਰਹਿਣ ਕਰਦਾ ਹੈ, ਉਹ ਗ੍ਰਹਿਸਥੀਆਂ ਪ੍ਰਤੀ ਮਮਤਾ ਰੱਖਦਾ ਹੈ, ਉਹ ਪਾਪ ਕਰਮਾਂ ਵਿੱਚ ਲਿਬੜਦਾ ਹੈ"। ॥2॥

"ਜੋ ਅਪਣੇ ਜਾਂ ਦੂਸਰੇ ਦੇ (ਸੁਤੇ) ਕਰੋਧ ਨੂੰ ਜਗਾਉਂਦਾ ਹੈ। ਉਹ ਨਮਿਤ (ਕਾਰਨ) ਆਤਮਾ ਪਾਪ ਕਰਮਾਂ ਵਿੱਚ ਲਿਬੜੀਆ ਰਹਿੰਦਾ ਹੈ"। ॥3॥

"ਪ੍ਰਾਣਤਿਪਾਤ (ਹਿੰਸਾ), ਝੂਠ, ਚੋਰੀ, ਕਾਮ ਵਾਸਨਾ ਅਤੇ ਪਰਿਗ੍ਰਹਿ ਵੀ ਲੇਪ ਹਨ। ਭਾਵ ਕਰਮ ਬੰਧਨ, ਜਨਮ ਮਰਨ ਦੇ ਕਾਰਨ ਹਨ"। ॥4॥

"ਕਰੋਧ, ਮਾਨ, ਮਾਈਆ ਤੇ ਲੋਭ ਦੇ ਅਨੇਕ ਰੂਪ ਹਨ। ਉਹ ਸਾਰੇ ਲੇਪ ਹਨ"। ॥5॥

"ਸਾਧਕ ਦੀ ਆਤਮਾ ਦੇ ਵਿਕਾਸ ਲਈ ਤਿੰਨ ਗਲ੍ਹਾਂ ਆਖੀਆਂ ਗਈਆਂ ਹਨ, ਜੀਵਨ ਦੀ ਉਚਾਈ ਪ੍ਰਾਪਤ ਕਰਨ ਲਈ, ਸਾਧਕ ਸਾਰੀਆਂ ਬੁਰੀਆਂ ਆਦਤਾਂ ਛੱਡ ਕੇ, ਚੰਗੀਆਂ ਆਦਤਾਂ ਵਾਲਾ ਬਣੇ ਅਤੇ ਪੁਰਸਾਰਥੀ ਬਣ ਕੇ ਸੰਸਾਰ ਵਿਚ ਘੁਮੇ"। ॥6॥

ਰਾਗ ਦਵੇਸ਼ ਦੇ ਖਾਤਮੇ ਲਈ, ਰਿਸ਼ਿ ਨੇ ਸੁੰਦਰ ਉਦਾਹਰਨ ਦਿਤੀ ਹੈ "ਜਿਵੇਂ ਲੱਸੀ ਵਿੱਚ ਗਿਰ ਕੇ ਦੁੱਧ ਨਸ਼ਟ ਹੋ ਜਾਂਦਾ ਹੈ। ਉਸੇ ਪ੍ਰਕਾਰ ਹੀ ਰਾਗਦਵੇਸ਼ ਦੇ ਮੇਲ ਨਾਲ ਬ੍ਰਹਮਚਰਜ ਦਾ ਤੇਜ ਨਸ਼ਟ ਹੋ ਜਾਂਦਾ ਹੈ"। ॥7॥

"ਜਿਵੇਂ ਲੱਸੀ ਦੁੱਧ ਨੂੰ ਨਸ਼ਟ ਕਰਦੀ ਹੈ ਅਤੇ ਦੁੱਧ ਦਾ ਦਹੀਂ ਬਣਾ ਦਿੰਦੀ ਹੈ ਉਸੇ ਪ੍ਰਕਾਰ ਗ੍ਰਹਿਸਥੀਆਂ ਦੇ ਮੇਲ ਨਾਲ ਮੁਨੀ ਵੀ ਪਾਪ ਕਰਮਾ ਵਿੱਚ ਫੰਸ ਜਾਂਦੇ ਹਨ" ।॥8॥

"ਜੰਗਲ ਵਿਚ ਲੱਗੀ ਅੱਗ ਵਿਚ ਜੰਗਲ ਦੇ ਦਰਖਤ ਜਲ ਕੇ ਤਾਂ ਫਿਰ ਉਗ ਜਾਂਦੇ ਹਨ। ਪਰ ਜੋ ਕਰੋਧ ਵਿੱਚ ਜਲੀ ਆਤਮਾ ਵਿੱਚ ਦੁੱਖ ਦੇ ਅੰਕੁਰ ਫਿਰ ਉਗ ਆਉਂਦੇ ਹਨ। ਕਰੋਧ ਦੀ ਅੱਗ ਵਿਚ ਜਲੀ ਆਤਮਾ ਦੇ ਲਈ ਸ਼ਾਂਤੀ ਦਾ ਰਾਹ ਦੱਸਿਆ ਗਿਆ ਹੈ, ਕਰੋਧੀ ਮਨੁਖ ਕਰੋਧ ਦੀ ਅੱਗ ਰਾਹੀਂ ਆਪਣੇ ਦੁੱਖ ਦੇਣ ਵਾਲੇ ਨੂੰ ਭਸਮ ਕਰ ਦੇਣਾ ਚਾਹੁੰਦਾ ਹੈ ਪਰ ਜੰਗਲ ਦੇ ਦਰਖਤ ਦੀ ਤਰ੍ਹਾਂ ਉਸ ਦਾ ਦੁਖ ਫਿਰ ਉਗ ਆਉਂਦਾ ਹੈ"। ॥9॥

"ਬਾਹਰ ਦੀ ਜਲਦੀ ਹੋਈ ਅੱਗ ਨੂੰ ਪਾਣੀ ਨਾਲ ਬੁਝਾਉਣਾ ਸਰਲ ਹੈ ਪਰ ਮੋਹ ਦੀ ਅੱਗ ਨੂੰ ਬੁਝਾਉਣ ਵਿੱਚ ਸਾਰੇ ਸੰਸਾਰ ਦਾ ਪਾਣੀ ਵੀ ਅਸਮਰਥ ਹੈ"। ॥10॥

"ਜਿਵੇਂ ਜਨਮ ਅਤੇ ਮੌਤ ਦੇ ਬੰਧਨ ਦਾ ਗਿਆਨ ਹੈ ਉਹੀ ਗਿਆਨੀ ਆਤਮਾ ਜਨਮ ਤੇ ਮੋਤ ਦੇ ਬੰਧਨਾ ਨੂੰ ਤੋੜ ਕੇ ਕਰਮਾ ਦੀ ਧੂੜ ਤੋਂ ਰਹਿਤ ਹੋ ਕੇ ਸਿੱਧੀ ਮੋਕਸ਼ ਨੂੰ ਪ੍ਰਾਪਤ ਕਰਦਾ ਹੈ"। ॥11॥

ਵੇਖੋ ਪਹਿਲੇ ਅਧਿਐਨ ਦੀ ਆਖਰੀ ਗਾਥਾ।

## ਚੋਥਾ ਅਧਿਐਨ (ਭਾਰਦਵਾਜ ਗੋਤਰ ਅੰਗੀਰਿਸ਼ ਰਿਸ਼ਿ ਭਾਸ਼ਿਤ)

"ਆਦਾਨ ਰਖਿਅਕ, ਲੋਭੀ ਮਨੁੱਖ, ਕਰਮਾ ਦਾ ਮੂਲ, ਪਰਿਗ੍ਰਹਿ (ਸੰਗ੍ਰਹਿ) ਦਾ ਰੱਖਿਅਕ ਮਨੁੱਖ ਹੋਰ ਕੋਈ ਦੂਸਰੀ ਗੱਲ ਨਹੀਂ ਜਾਣਦਾ। ਅਜਿਹਾ ਮਨੁੱਖ ਅਸਲ ਵਿੱਚ ਅਸਾਧੂ ਕਰਮ ਕਰਨ ਵਾਲਾ ਹੈ"।

"ਕਿਸੇ ਦੇ ਨਾਲ ਰਹੇ ਬਿਨਾ ਉਸ ਦੇ ਸੁਭਾਵ ਨੂੰ ਦੁਸਰਾ ਮਨੁੱਖ ਨਹੀਂ ਜਾਣ ਸਕਦਾ, ਕਿਉਂਕਿ ਦੁਸਟ ਆਦਤ ਵਾਲੇ ਮਨੁਖ ਸੱਚਮੁਚ ਧੋਖੇ ਵਾਜ ਹੁੰਦੇ ਹਨ"। ॥1॥

"ਜੋ ਜੀਵ ਅਪਣੇ ਦੋਸ਼ਾ ਨੂੰ ਛੁਪਾਉਂਦਾ ਹੈ ਲੰਬੇ ਸਮੇਂ ਤੱਕ ਅਪਣੇ ਦੋਸ਼ਾਂ ਨੂੰ ਕਿਸੇ ਪਰ ਪ੍ਰਗਟ ਨਹੀਂ ਕਰਦਾ, ਉਹ ਸੋਚਦਾ ਹੈ ਕਿ ਦੁਸਰਾ ਕੋਈ ਵੀ ਇਸ ਪਾਪ ਨੂੰ ਨਹੀਂ ਜਾਣ ਸਕਦਾ। ਪਰ ਅਜਿਹਾ ਸੋਚਨ ਵਾਲਾ ਮਨੁਖ ਅਪਣਾ ਭਲਾ ਨਹੀਂ ਜਾਣਦਾ"। ॥2॥

"ਜਿਸ ਦੇ ਰਾਹੀਂ ਮੈਂ ਅਪਣੇ ਆਪ ਨੂੰ ਜਾਣ ਸਕਾਂ। ਪ੍ਰਤਖ ਜਾਂ ਸਾਹਮਣੇ ਹੋਣ ਵਾਲੇ ਆਰਿਆ (ਸ਼ਰੇਸਟ) ਅਨਾਰਿਆ (ਗਲਤ) ਕਰਮਾਂ ਨੂੰ ਵੇਖ ਸਕਾਂ। ਅਜਿਹਾ ਗਿਆਨ ਹੀ ਹਮੇਸ਼ਾ ਰਹਿਣ ਵਾਲਾ (ਸ਼ਾਸਵਤ) ਗਿਆਨ ਹੈ"। ॥3॥

"ਦੀਵਾਰ ਤੇ ਲਿਖੇ ਵਾਕ ਅਤੇ ਲੱਕੜ ਤੇ ਬਣੇ ਚਿੱਤਰ ਦੋਹੇ ਹੀ ਗਿਆਨ ਦਾ ਕਾਰਨ ਹਨ ਪਰ ਮਨੁਖ ਦਾ ਹਿਰਦੇ ਡੂੰਘੇ ਅਤੇ ਨਾ ਜਾਣਿਆ ਜਾ ਸਕਣ ਵਾਲਾ ਹੈ"। ॥4॥

"ਜਿਸ ਦੇ ਮਨ ਵਿੱਚ ਕੁੱਝ ਹੋਰ ਹੈ ਅਤੇ ਕੰਮ ਕੁੱਝ ਹੋਰ ਹਨ, ਉਹ ਇਕ ਦੁਸਰੇ ਨੂੰ ਆਖਦੇ ਹਨ ਕਿ ਤੈਂ ਮਨੁਖ ਜਨਮ ਪਾਇਆ ਹੈ"। ॥5॥

"ਘਾਹ, ਡੰਡਲ, ਕੰਟਕ ਲਤਾ (ਕੰਡੀਆਂ ਵਾਲੀ ਬੇਲ) ਬੱਦਲ, ਲਤਾ ਮੰਡਪ ਦੀ ਤਰ੍ਹਾਂ ਮਨੁੱਖ, ਛਲਵਾਨ, ਧੋਖੇ ਵਾਜ ਅਤੇ ਤੰਗ ਦਿਲ ਹੁੰਦੇ ਹਨ"। ॥6॥

"ਪਰਿਗ੍ਰਹਿ (ਜ਼ਰੂਰਤ ਤੋਂ ਵੱਧ ਸੰਪਤੀ) ਦਾ ਪਿਆਸਾ, ਮਨੁਖ ਸੰਕਲਪ ਪੂਰਵਕ ਉੱਚੇ ਭੋਗਾਂ ਦਾ ਸੇਵਨ ਕਰਦਾ ਹੈ। ਦੂਸਰੀ ਗੱਲ ਉਹ ਜਾਣਦਾ ਹੀ ਨਹੀਂ"। ॥7॥

" ਸਾਧੂ ਪਰਿਸ਼ਧ (ਸ਼ਭਾ) ਵਿੱਚ ਬੈਠੇ ਹਨ ਤਾਂ ਦੂਸਰਾ ਰੂਪ ਹੈ ਅਤੇ ਇਕਲੇ ਹਨ ਤਾਂ ਹੋਰ ਰੂਪ ਹੈ। ਪਰ ਸੱਚਾ ਸਾਧੂ ਆਤਮ ਨਿਰਿਖਨ ਰਾਹੀਂ ਪਾਪ ਕਰਮਾਂ ਨੂੰ ਰੋਕਦਾ ਹੈ"। ॥8॥

"ਅਪਣੀ ਭੈੜੀ ਵਾਸਨਾ ਨਾਲ ਇੱਕਠੇ ਕੀਤੇ ਕਰਮ ਅਤੇ ਪਾਪਾਂ ਨੂੰ ਵੇਖਦਾ ਹੋਇਆ ਵੀ, ਜੋ ਜਾਣ ਬੁਝ ਕੇ ਬੇਪਰਵਾਹ ਰਹਿਣ ਵਾਲਾ ਹੈ ਧਰਮ ਦੇ ਮਾਮਲੇ ਵਿਚ ਹਮੇਸ਼ਾ ਗੈਰ ਹਾਜਰ ਰਹਿਣ ਵਾਲਾ ਮਨੁੱਖ, ਜੀਵਨ ਦੇ ਆਖਰੀ ਸਮੇਂ ਵਿੱਚ ਪਸਚਾਤਾਪ ਕਰਦਾ ਹੈ"। ॥9॥

"ਅਪਣੇ ਉੱਚੇ ਵਿਚਾਰਾਂ ਪ੍ਰਤੀ ਸਾਵਧਾਨ ਰਹਿਨ ਵਾਲਾ ਅਤੇ ਧਰਮ ਵਿੱਚ ਹਮੇਸ਼ਾ ਪ੍ਰਤਿਸ਼ਟ ਰਹਿਣ ਵਾਲੇ ਜੀਵਨ ਦੇ ਆਖਰੀ ਸਮੇਂ ਵਿੱਚ ਪਸਚਾਤਾਪ ਦੇ ਹੰਝੂ ਨਹੀਂ ਬਹਾਉਂਦਾ"। ॥10॥

"ਰਾਤ ਤੋਂ ਪਹਿਲਾਂ ਅਤੇ ਰਾਤ ਤੋਂ ਬਾਅਦ ਦੇ ਸਮੇਂ ਵਿੱਚ ਸੰਕਲਪ ਰਾਹੀਂ ਆਤਮਾ ਨੇ ਜੋ ਚੰਗੇ ਮਾੜੇ ਕੰਮ ਕੀਤੇ ਹਨ, ਉਨ੍ਹਾਂ (ਕਰਤਾ) ਦੇ ਅਨੁਸਾਰ ਚਲਦਾ ਹੈ"। ॥11॥

"ਚੰਗੇ ਜਾਂ ਬੁਰੇ ਕਰਮਾਂ ਨੂੰ ਆਤਮਾ ਖੁੱਦ ਜਾਣਦਾ ਹੈ ਅਤੇ ਕਿਸੇ ਦੇ ਚੰਗੇ ਜਾਂ ਬੁਰੇ ਕੰਮਾਂ ਨੂੰ ਹੋਰ ਵਿਅਕਤੀ ਨਹੀਂ ਜਾਣ ਸਕਦਾ"। ॥12॥

"ਬਾਹਰਲੇ ਲੋਕ ਤਾਂ ਕਲਿਆਨਕਾਰੀ ਆਤਮਾ ਨੂੰ ਵੀ ਪਾਪਕਾਰੀ ਆਖਦੇ ਹਨ। ਅੰਦਰਲੀ ਪਹਿਚਾਣ ਤੋਂ ਰਹਿਤ ਸੰਸਾਰੀ ਲੋਕ, ਤਾਂ ਦੁਰਾਚਾਰੀ ਪਾਪੀ ਨੂੰ ਵੀ, ਸਦਾਚਾਰੀ ਆਖ ਦਿੰਦੇ ਹਨ"। ॥13॥

"ਮੋਟੀ ਨਜਰ ਤੋਂ ਜਨਤਾ ਕਦੇ ਕਦੇ ਚੋਰ ਦੀ ਹੀ ਤਾਰਿਫ ਕਰਦੀ ਹੈ ਅਤੇ ਕਦੇ ਕਦੇ ਮੁਨੀ ਨੂੰ ਵੀ ਘਿਰਨਾ ਨਾਲ ਵੇਖਦੀ ਹੈ। ਪਰ ਇਨ੍ਹਾਂ ਹੋਣ ਦੇ ਬਾਵਜੂਦ ਵੀ ਚੋਰ ਸੰਤ ਨਹੀਂ ਬਣ ਜਾਂਦਾ ਅਤੇ ਨਾ ਹੀ ਸੰਤ ਚੋਰ"। ॥14॥

"ਕਿਸੇ ਦੇ ਆਖਣ ਨਾਲ ਕੋਈ ਚੋਰ ਨਹੀਂ ਬਣ ਜਾਂਦਾ ਕਿਸੇ ਦੇ ਆਖਣ ਨਾਲ ਕੋਈ ਸਾਧ ਨਹੀਂ ਬਣ ਜਾਂਦਾ। ਇਸ ਗਲ ਦੀ ਪਹਿਚਾਨ ਉਹੀ ਜਾਣਦਾ ਹੈ। ਜੋ ਅਪਣੀ ਆਤਮਾ ਨੂੰ ਜਾਣਦਾ ਹੈ ਜਾਂ ਸਰਵਗ ਪਰਮਾਤਮਾ ਜਾਣਦੇ ਹਨ"। ॥15॥

"ਜੇ ਮੈਂ ਅਸਾਧੂ ਹਾਂ ਅਤੇ ਸਾਧੂ ਮੰਨ ਕੇ ਦੂਸਰੇ ਲੋਕ ਮੇਰੀ ਪ੍ਰਸੰਸਾ ਕਰਦੇ ਹਨ। ਜੇ ਮੇਰੀ ਆਤਮਾ ਅਸੰਜਮੀ ਹੈ ਤਾਂ ਇਹ ਪ੍ਰਸੰਸਾ ਦੀ ਮਿਠੀ ਭਾਸਾ ਮੈ ਨੂੰ ਸੰਜਮੀ ਨਹੀਂ ਬਣਾ ਸਕਦੀ"। ॥16॥

"ਜੇ ਮੈਂ ਨਿਰਗ੍ਰੰਥ (ਜੈਨ ਸਾਧੂ) ਹਾਂ ਤੇ ਲੋਕ ਮੇਰੀ ਇੱਜਤ ਨਹੀਂ ਕਰਦੇ ਤਾਂ ਮਨੁੱਖਾਂ ਦੀ ਨਿੰਦਾ ਦੀ ਭਾਸ਼ਾ ਮੇਰੇ ਵਿੱਚ ਕਰੋਧ ਨਹੀਂ ਪੈਦਾ ਕਰ ਸਕਦੀ ਕਿਉਂਕਿ ਮੇਰੀ ਆਤਮਾ ਸਮਾਧੀ (ਆਤਮਿਕ ਸੁਖ) ਵਿੱਚ ਸਥਿਤ ਹੈ"। ॥17॥

"ਉਲੂ ਜਿਸ ਦੀ ਪ੍ਰਸੰਸਾ ਕਰੇ ਅਤੇ ਕਾਂ ਜਿਸ ਦੀ ਨਿੰਦਾ ਕਰੇ ਅਜਿਹੀ ਨਿੰਦਾ ਅਤੇ ਪ੍ਰਸੰਸਾ ਦੋਹੇਂ ਹੀ ਹਵਾ ਦੀ ਤਰ੍ਹਾਂ ਉੱਡ ਜਾਦੀਆਂ ਹਨ"। ॥18॥

"ਅਗਿਆਨੀ ਜਿਸ ਦੀ ਪ੍ਰਸੰਸਾ ਕਰਦਾ ਹੈ ਅਤੇ ਵਿਦਵਾਨ ਜਿਸ ਦੀ ਨਿੰਦਾ ਕਰਦਾ ਹੈ ਅਜਿਹੀ ਨਿੰਦਾ ਅਤੇ ਪ੍ਰਸੰਸਾ ਇਸ ਛਲਵਾਨ ਦੁਨੀਆਂ ਵਿੱਚ ਹਰ ਜਗ੍ਹਾ ਵਿਖਾਈ ਦਿੰਦੀ ਹੈ"। ॥19॥

"ਜੋ ਭਾਵ ਜਿਸ ਵਿੱਚ ਨਹੀਂ ਮਿਲਦਾ ਜਾਂ ਜਿਸ ਦੀ ਘਾਟ ਹੈ ਉਸ ਸਦਭਾਵ ਜਾਂ ਘਾਟ ਲੋਕ ਵਿੱਚ ਸੁਭਾਵਕ ਹੀ ਹੈ। ਦੁਨੀਆਂ ਵਿੱਚ ਅਮ੍ਰਿਤ ਵੀ ਹੈ ਅਤੇ ਜਹਿਰ ਵੀ ਹੈ। ਚੰਦ, ਸੂਰਜ, ਅੰਧੇਰਾ, ਪ੍ਰਕਾਸ਼, ਸਵਰਗ ਅਤੇ ਪ੍ਰਿਥਵੀ ਸਭ ਕੁੱਝ ਅਪਣੇ ਸੁਭਾਵ ਵਿੱਚ ਸਥਿਤ ਹਨ"। ॥20-21॥

"ਕੋਈ ਜੋ ਚਾਹੇ ਉਹ ਬੋਲ ਸਕਦਾ ਹੈ ਮੈਂ ਅਪਣੇ ਆਪ ਨੂੰ ਗੁੱਸੇ ਕਿਉਂ ਕਰਾਂ, ਉਹ ਮੇਰੇ ਤੋਂ ਸੰਤੁਸ਼ਟ ਨਹੀਂ ਹੈ ਅਜਿਹਾ ਸਮਝ ਕੇ ਮੈਂ ਗੁੱਸਾ ਨਹੀਂ ਕਰਦਾ"। ॥22॥

"ਅਸ਼ਟ ਅਪ੍ਰਵਚਨ ਮਾਤਾ (ਪੰਜ ਮਹਾਵਰਤ ਅਤੇ ਤਿੰਨ ਗੁਪਤੀ) ਰੂਪੀ ਧੂਰਾ ਨਾਲ ਯੁਕਤ ਸ਼ੀਲਵਾਨ, ਆਤਮ ਸਮਾਧੀ ਰੱਥ ਤੇ, ਆਤਮਾ ਤੋਂ ਪ੍ਰੇਰਤ ਹੋ ਕੇ ਚਲਦਾ ਹੈ"। ॥23॥

"ਸ਼ੀਲ ਹੀ ਜਿਸ ਦਾ ਧੂਰਾ ਹੈ ਗਿਆਨ ਅਤੇ ਦਰਸ਼ਨ ਜਿਸ ਦੇ ਸਾਰਥੀ ਹਨ ਅਜਿਹੇ ਰੱਥ ਤੇ ਸਵਾਰ ਹੋ ਕੇ ਆਤਮਾ ਅਪਣੇ ਰਾਹੀਂ ਅਪਣੇ ਆਪ ਨੂੰ ਜਿੱਤਦਾ ਹੈ ਅਤੇ ਸ਼ੁਭ ਸਥਿਤੀ ਨੂੰ ਪ੍ਰਾਪਤ ਹੁੰਦਾ ਹੈ"। ॥24॥

## ਪੰਜਵਾਂ ਅਧਿਐਨ (ਪੁਸ਼ਪਸਾਲ ਪੁਤਰ ਅਰਹਤ ਰਿਸ਼ਿ ਭਾਸ਼ਿਤ)

"ਅਹੰਕਾਰ ਤੋਂ ਹੇਠਾਂ ਉਤਰੇ ਹੋਏ ਬਿਨੇ ਵਿੱਚ ਆਤਮਾ ਨੂੰ ਸ਼ੁਧ ਰੱਖਣ ਵਾਲੇ ਪੁਸ਼ਪਸਾਲ ਅਰਹਤ ਰਿਸ਼ਿ ਨੇ ਕਿਹਾ ਹੈ"। ॥1॥

"ਉਹਨਾਂ ਨੇ ਮੱਥੇ ਰਾਹੀਂ ਪ੍ਰਿਥਵੀ ਨੂੰ ਛੁੱਹ ਕੇ, ਭੂਮੀ ਤੇ ਅੰਜਲੀ (ਮੁੱਠੀ) ਕਰਕੇ ਭੋਜਨ, ਪਾਣੀ ਅਤੇ ਸੋਣ ਦਾ ਤਿਆਗ ਕਰ ਦਿਤਾ ਹੈ"। ॥2॥

"ਨਮਸਕਾਰ ਕਰਨ ਵਾਲੇ ਦੀ ਆਤਮਾ ਹਮੇਸ਼ਾ ਸ਼ਾਂਤ ਅਤੇ ਆਗਮ (ਸ਼ਾਸ਼ਤਰ ਵਚਨ) ਵਿਚ ਲੀਨ ਰਹਿੰਦੀ ਹੈ ਕਰੋਧ ਤੇ ਮਾਨ ਰਹਿਤ ਆਤਮਾ ਦੇ ਸੁਭਾਵਾ ਨੂੰ ਜਾਣਦਾ ਹੈ"। ॥3॥

"ਸਾਧਕ ਹਿੰਸਾ ਦਾ ਸੇਵਨ ਨਾ ਕਰੇ, ਝੂੱਠ ਤੇ ਚੋਰੀ ਦਾ ਤਿਆਗ ਕਰੇ, ਕਾਮ ਭੋਗਾ ਦਾ ਸੇਵਨ ਨਾ ਕਰੇ, ਅਪਰਿਗ੍ਰਹਿ ਬਣ ਕੇ ਜੀਵਨ ਗੁਜਾਰੇ"। ॥4॥

"ਕਰੋਧ, ਮਾਨ ਦਾ ਜਾਣਕਾਰ ਆਤਮਾ ਦੇ ਸੁਭਾਵਾਂ ਦਾ ਵੀ ਜਾਣਕਾਰ ਹੈ ਸਮਾਧੀ ਦਾ ਇੱਛੁਕ ਮਾਸ ਦਾ ਸੇਵਨ ਨਾ ਕਰੇ। ਇਸ ਪ੍ਰਕਾਰ ਗਿਆਨੀ ਆਤਮਾ ਪਾਪ ਤੋਂ ਰਹਿਤ ਹੋ ਜਾਂਦਾ ਹੈ"। ਇਸ ਪ੍ਰਕਾਰ ਪੁਸ਼ਪਸਾਲ ਅਰਹਤ ਰਿਸ਼ਿ ਨੇ ਆਖਿਆ। ॥5॥

## ਛੇਵਾ ਅਧਿਐਨ (ਬਲਕਲ ਚਿਰੀ ਅਰਹਤ ਰਿਸ਼ਿ ਭਾਸ਼ਿਤ)

"ਦੇਹ ਭੇਦ ਨਾ ਹੋਣ ਤੇ ਵੀ ਗਜਿੰਦਰ ਦੀ ਸ਼ਰਧਾ ਰੱਖਣ ਵਾਲਾ, ਅਸ਼ੁਭ ਕੰਮਾਂ ਤੋਂ ਦੂਰ ਰਹਿ ਕੇ ਦੇਵ ਅਤੇ ਦਾਨਵ ਪੱਖੋਂ ਇਸ ਪ੍ਰਕਾਰ ਆਖਦੇ ਹਨ"। ॥1॥

"ਦੇਵ ਰਾਖੱਸ਼ਸ ਅਤੇ ਮਨੁਖ ਨਾਲ ਭਰੀ ਸਾਰੀ ਸ੍ਰਿਸ਼ਟੀ ਜਿਸ ਦੇ ਅਧੀਨ ਹੈ, ਉਹ ਮੈਂ ਤਿਆਗੀ ਬਲਕਲ ਚਿਰੀ ਅਰਹਤ ਰਿਸ਼ਿ ਇਸ ਪ੍ਰਕਾਰ ਆਖਦਾ ਹਾਂ"। ॥2॥

"ਹੇ ਪੁਰਸ਼! ਤੂੰ ਇਸਤਰੀਆਂ ਦੇ ਮੇਲ ਮਿਲਾਪ ਪ੍ਰਤੀ ਦੂਰ ਰਹਿ ਅਤੇ ਅਪਣਾ ਦੁਸ਼ਮਨ ਵੀ ਆਪ ਨਾ ਬਣ ਕਿਉਂਕਿ ਇਸ਼ਤਰੀਆਂ ਪ੍ਰਤੀ ਮੋਹ ਮਨੁੱਖ ਨੂੰ ਅਪਣਾ ਦੁਸ਼ਮਨ ਆਪ ਬਣਾ ਦਿੰਦਾ ਹੈ। ਇਸ ਲਈ ਜਿਨ੍ਹਾ ਵੀ ਸੰਭਵ ਹੋਵੇ (ਅਪਣੀਆਂ ਇੰਦਰੀਆਂ ਦੇ ਵਿਕਾਰਾਂ ਪ੍ਰਤੀ) ਯੁੱਧ ਕਰੋ ਅਤੇ ਇਸ ਨੂੰ ਜਿਤੋ"। ॥3॥

"ਅੰਕੁਸ਼ ਰਹਿਤ ਹਾਥੀ ਅਤੇ ਲਗਾਮ ਬਿਨ੍ਹਾ ਘੋੜਾ, ਭਿੰਨ ਭਿੰਨ ਪ੍ਰਕਾਰ ਦੇ ਬੰਧਨਾ (ਰੱਸੀਆਂ) ਨੂੰ ਤੋੜ ਦਿੰਦਾ ਹੈ। ਇਸੇ ਪ੍ਰਕਾਰ ਗਿਆਨ ਰੂਪੀ ਮਰਿਆਦਾ ਤੋਂ ਭਰਿਸ਼ਟ ਮਨੁੱਖ ਭੱਜ ਕੇ ਵਿਨਾਸ਼ ਨੂੰ ਪ੍ਰਾਪਤ ਹੁੰਦਾ ਹੈ"। ॥4॥

"ਮਲਾਹ ਰਹਿਤ ਕਿਸ਼ਤੀ ਹਵਾ ਦੇ ਸਹਾਰੇ, ਸਮੁੰਦਰ ਵੱਲ ਦੋੜਦੀ ਹੈ। ਇਸੇ ਪ੍ਰਕਾਰ ਅਗਿਆਨੀ ਇਛਾਵਾ ਦਾ ਗੁਲਾਮ ਬਣ ਕੇ ਸੰਸਾਰ ਰੂਪੀ ਸਮੁੰਦਰ ਵਿੱਚ ਭਟਕਦਾ ਹੈ"। ॥5॥

"ਅਕਾਸ਼ ਵੱਲ ਸੁਟੀਆ ਹੋਇਆ ਫੁੱਲ ਬਿਨ੍ਹਾ ਆਸਰੇ ਮਨੁਖ ਅਤੇ ਮਜਬੂਤ ਰਸੀ ਵਿੱਚ ਬਨ੍ਹਿਆ ਪੰਛੀ ਲਈ ਹੋਣੀ ਹੀ ਬਲਵਾਨ ਹੈ। ਭਾਵ ਉਸ ਦੀ ਮੁਕਤੀ ਲਈ ਤੱਪ ਰੂਪੀ ਹੋਣੀ ਹੀ ਬਲਵਾਨ ਹੈ"। ॥6॥

"ਧਾਗੇ ਨਾਲ ਬਨਿਆ ਪੰਛੀ ਉੜਨਾ ਚਾਹੁੰਦਾ ਹੈ, ਪਰ ਉਸ ਦੀ ਦੋੜ ਧਾਗੇ ਤੱਕ ਸੀਮਤ ਹੈ ਇਸੇ ਪ੍ਰਕਾਰ ਜੋ ਮਨੁਖ ਸੁਭਾਵ ਕੁਸ਼ਲ ਨਹੀਂ, ਗਿਆਨਵਾਨ ਨਹੀਂ ਉਹ ਸੱਚਾ ਮਾਰਗ ਪ੍ਰਾਪਤ ਕਰਕੇ ਵੀ ਅੱਗੇ ਨਹੀਂ ਵੱਧ ਸਕਦਾ"। ॥7॥

"ਜੋ ਦੂਸਰੇ ਨੂੰ ਨਵੀਂ ਵਿਚਾਰ ਧਾਰਾ ਰਾਹੀਂ ਆਕਾਸ਼ ਵਿੱਚ ਉਡਦੇ ਪੰਛੀ ਨੂੰ ਵੇਖਦੇ ਹਨ। ਉਹ ਅਪਣੇ ਆਪ ਨੂੰ ਮਜ਼ਬੂਤ ਰੱਸੇ ਨਾਲ ਬਨਿਆ ਪਾਉਂਦੇ ਹਨ। ਬਾਕੀ ਦਾ ਭਾਵ ਛੇਵੇ ਸ਼ਲੋਕ ਮੁਤਾਬਕ ਹੈ"। ॥8॥

"ਭਿੰਨ ਭਿੰਨ ਨਿਅਮਾਂ ਦੇ ਸੰਬਧ ਵਿੱਚ ਧਿਰਜਵਾਨ, ਇੰਦਰੀਆਂ ਦਾ ਜੇਤੂ ਸਾਧੂ ਧਾਗੇ ਦੀ ਤਰ੍ਹਾਂ ਗਤੀ ਦਾ ਸਹਾਰਾ ਲੈਂਦਾ ਹੈ। ਭਾਵ ਇੰਦਰੀਆਂ ਦੇ ਵਿਸ਼ੇ ਵਿਕਾਰ ਨੂੰ ਕੱਚੇ ਧਾਗੇ ਵਾਂਗ ਤੋੜ ਦਿੰਦਾ ਹੈ"। ॥9॥

"ਮਨ ਮਰਜੀ ਗਤੀ ਨਾਲ ਘੁੰਮਨ ਵਾਲੀ ਆਤਮਾਵਾਂ, ਕਰਮ ਉਤਪਤੀ ਨਾਲ ਜੁੜਕੇ ਭਿੰਨ ਭਿੰਨ ਜਨਮਾਂ ਵਿੱਚ ਭਟਕਦੀਆਂ ਹਨ"। ॥10॥

"ਇਸਤਰੀ ਸੰਬਧੀ ਵਿਸ਼ੇ ਵਿਕਾਰਾਂ ਵਿੱਚ ਲੱਗਾ ਆਤਮਾ ਅਪਣੇ ਆਪ ਦਾ ਦੁਸ਼ਮਨ ਹੋ ਜਾਂਦਾ ਹੈ। ਮਨੁਖ ਜਿਨ੍ਹਾ ਵੀ ਇਹਨਾਂ ਵਿਸ਼ੇਆਂ ਦਾ ਤਿਆਗ ਕਰਦਾ ਹੈ, ਉਨਾ ਹੀ ਸ਼ਾਤ ਭਾਵ ਨੂੰ ਪ੍ਰਾਪਤ ਹੁੰਦਾ ਹੈ"। ॥11॥

"ਜੋ ਅਪਣੇ ਆਪ ਨੂੰ ਮੁਕਤ ਮੰਨ ਲੈਂਦਾ ਹੈ। ਉਹ ਕਿਸੇ ਕਾਰਨ ਕਰਮ ਬੰਧਨ ਕਾਰਨ ਭੱਜਦਾ ਹੈ। ਇਸ ਤਰ੍ਹਾਂ ਭਗਵਾਨ ਬਲਕਲ ਚਿਰੀ ਸੰਸਾਰ ਰੂਪੀ ਵੱਲਦੀ ਜੰਗਲ ਦੀ ਅੱਗ ਤੋਂ ਬਾਹਰ ਨਿਕਲਦੇ ਹਨ"। ॥12॥

## ਸਤਵਾਂ ਅਧਿਐਨ (ਕੁਰਮਾ ਪੁਤਰ ਰਿਸ਼ਿ ਭਾਸ਼ਿਤ)

"ਸਾਰਾ ਸੰਸਾਰ ਦੁਖਾਂ ਵਾਲਾ ਹੈ ਉਤਸੁਕਤਾ ਕਾਰਨ ਦੁਖੀ ਹੋਇਆ ਮਨੁਖ ਔਖੀ ਸਾਧਨਾ ਕਰਕੇ ਤੱਪ ਰਾਹੀਂ ਸਾਰੇ ਦੁਖਾਂ ਦਾ ਖਾਤਮਾ ਕਰਦਾ ਹੈ"। ॥1॥

"ਇਸ ਲਈ ਦੁਖੀ ਆਦਮੀ ਬਹਾਦਰੀ ਨਾਲ ਦੁਖਾਂ ਨੂੰ ਸਹਿਨ ਕਰੇ" ਕਰਮਾ ਪੁਤਰ ਅਰਹਤ ਰਿਸ਼ਿ ਇਸ ਪ੍ਰਕਾਰ ਆਖਦੇ ਹਨ। ॥2॥

"ਤੱਪ ਸੰਜਮ ਦੀ ਹੋਂਦ ਵਿੱਚ ਵੀ, ਸੰਸਾਰਕ ਲੋਕਾ ਦੇ ਧੰਦੀਆਂ ਵਿੱਚ ਫੰਸੀਆ ਸਾਧੂ ਆਤਮ ਕਲਿਆਣ ਨਹੀਂ ਕਰ ਸਕਦਾ"। ॥3॥

"ਆਲਸ ਵੱਸ ਵੀ ਕੋਈ ਮਨੁੱਖ ਉਤਸੁਕਤਾ-ਇੱਛਾ ਦੇ ਰਾਹ ਤੇ ਨਹੀਂ ਜਾਂਦਾ ਹੈ, ਉਸ ਨਾਲ ਵੀ ਉਹ ਸੁਖੀ ਹੋ ਸਕਦਾ ਹੈ। ਜੇ ਸ਼ਰਦਾਵਾਨ ਸਹੀ ਮਹਿਨਤ ਕਰੇ ਤਾਂ ਜ਼ਰੂਰ ਸਫਲਤਾ ਪ੍ਰਾਪਤ ਕਰਦਾ ਹੈ"। ॥4॥

"ਪ੍ਰਮਾਦ (ਅਨਗਿਹਲੀ) ਜਨਮ - ਮੌਤ ਦੇ ਬੰਧਨ ਰੂਪ ਵਿੱਚ ਜਾਣੀਆ ਜਾਂਦਾ ਹੈ, ਸ਼ਰੇਸ਼ਟ ਗੁਣਵਾਨ ਆਤਮਾ, ਸ਼ਰੇਸ਼ਟ ਅਰਥ ਦੇ ਲਈ ਹੀ ਸ਼ਕਤੀ (ਸੰਜਮ) ਦੇ ਨਾਲ ਹੀ ਜੀਵਨ ਗੁਜਾਰੇ"। ॥5॥

"ਸਾਧਕ ਕਾਮ ਨੂੰ ਅਕਾਮ ਬਣਾ ਕੇ, ਭਾਵ ਕਾਮ ਤੇ ਜਿੱਤ ਹਾਸਲ ਕਰਕੇ ਘੁੰਮੇ, ਪਾਪ ਤੱਦ ਹੀ ਧੁਲਦੇ ਹਨ। ਗਿਆਨ ਪੂਰਕ ਜਾਣ ਕੇ ਤਿਆਗ ਦੇਵੇ ਅਤੇ ਸੰਜਮੀ ਜੀਵਨ ਗੁਜਾਰੇ"।

ਇਸ ਪ੍ਰਕਾਰ ਕੁਰਮਾ ਪੁਤਰ ਅਰਹਤ ਰਿਸ਼ਿ ਨੇ ਆਖਿਆ।

# ਅੱਠਵਾ ਅਧਿਐਨ (ਕੇਤਲੀ ਨਾਮਕ ਅਰਹਤ ਰਿਸ਼ਿ ਭਾਸ਼ਿਤ)

"ਇਸ ਲੋਕ ਵਿੱਚ ਜੀਵ ਗੁਣਾ ਵਾਲਾ ਹੋ ਕੇ ਰਹਿੰਦਾ ਹੈ, ਇਹ ਗੁਣ ਹਨ ਗਿਆਨ ਤੇ ਚਰਿੱਤਰ" ਅਜਿਹਾ ਕੇਤਲੀ ਪੁਤਰ ਅਰਹਤ ਰਿਸ਼ਿ ਨੇ ਆਖਿਆ ਹੈ। ॥1॥

"ਇਸ ਸ਼ਰੇਸ਼ਟ ਗ੍ਰੰਥ ਦਾ ਜਾਨਕਾਰ ਰੱਥ ਦੇ ਵਿਚਕਾਰ ਬਣੀ ਚੋਂਕੀ ਦੀ ਤਰ੍ਹਾਂ ਜੀਵਨ ਗੁਜਾਰ ਕੇ ਪਾਪ ਕਰਮਾ ਨੂੰ ਨਸ਼ਟ ਕਰਦਾ ਹੈ। ਭਾਵ ਜਲ ਵਿੱਚ ਕਮਲ ਦੀ ਤਰ੍ਹਾਂ ਰਹਿੰਦਾ ਹੈ"। ॥2॥

"ਜਿਵੇਂ ਰੇਸ਼ਮ ਦਾ ਕੀੜਾ ਬੰਧਨ ਛੱਡ ਕੇ ਮੁਕਤ ਹੁੰਦਾ ਹੈ। ਇਸੇ ਪ੍ਰਕਾਰ ਆਤਮਾ, ਕਰਮ ਬੰਧਨ ਨੂੰ ਤਿਆਗ ਕੇ ਮੁਕਤ ਹੁੰਦਾ ਹੈ। ਭਾਵ ਕਰਮ ਬੰਧਨ ਹੀ ਜਨਮ ਮਰਨ ਦਾ ਕਾਰਨ ਹਨ ਅਤੇ ਮੁਕਤੀ ਦੇ ਰਾਹ ਵਿੱਚ ਰੁਕਾਵਟ ਹਨ"। ॥3॥

"ਇਸ ਪ੍ਰਕਾਰ ਅੰਦਰਲੀ ਗੰਡ ਦੇ ਜਾਲ ਨੂੰ ਦੁਖ ਦਾ ਕਾਰਨ ਅਤੇ ਦੁਖ ਨੂੰ ਜਾਣਕੇ ਸਾਧੂ, ਉਸ ਦਾ ਛੇਕ ਕਰਦਾ ਹੈ ਅਤੇ ਸੰਜਮ ਵਿੱਚ ਸਥਿਤ ਹੁੰਦਾ ਹੈ। ਉਹ ਮੁਨੀ ਦੁੱਖਾ ਤੋਂ ਮੁਕਤ ਹੁੰਦਾ ਹੈ। ਉਮਰ ਪੂਰੀ ਕਰਨ ਤੋਂ ਬਾਅਦ ਹਮੇਸ਼ਾ ਰਹਿਣ ਵਾਲੇ, ਸ਼ਿਵ ਰੂਪ ਵਿੱਚ ਸਿੱਧ (ਪ੍ਰਮਾਤਮ) ਸਰੂਪ ਨੂੰ ਪ੍ਰਾਪਤ ਹੁੰਦਾ ਹੈ"। ॥4॥

ਇਸ ਪ੍ਰਕਾਰ ਕੇਤਲੀ ਪੁਤਰ ਅਰਹਤ ਰਿਸ਼ਿ ਨੇ ਅੱਠਵਾਂ ਅਧਿਆਏ ਆਖਿਆ ਹੈ।

## ਨੌਵਾ ਅਧਿਐਨ (ਮਹਾਂ ਕਸ਼ਯਪ ਅਰਹਤ ਰਿਸ਼ਿ ਭਾਸ਼ਿਤ)

"ਜਦ ਤੱਕ ਜਨਮ ਹੈ, ਤਦ ਤੱਕ ਕਰਮ ਹੈ, ਕਰਮ ਤੋਂ ਹੀ ਪਰਜਾ ਦੀ ਉਤਪਤੀ ਹੁੰਦੀ ਹੈ। ਸਮਿਅੱਕ ਚਰਿੱਤਰ ਦਾ ਪਾਲਨ ਕਰਨ ਵਾਲਾ ਕਰਮਾਂ ਦਾ ਖਾਤਮਾ ਕਰਦਾ ਹੈ, ਉਸ ਦੇ ਸਾਰੇ ਕਰਮ ਸਮਾਪਤ ਹੋ ਸਕਦੇ ਹਨ"। ਮਹਾਂ ਕਸ਼ਯਪ ਅਰਹਤ ਰਿਸ਼ਿ ਨੇ ਇਸ ਪ੍ਰਕਾਰ ਫਰਮਾਈਆ ਹੈ।

"ਜਦ ਤੱਕ ਆਤਮਾ ਕਰਮਾ ਤੋਂ ਰਹਿਤ ਨਹੀਂ ਹੁੰਦੀ ਹੈ, ਤਦ ਤੱਕ ਜਨਮ ਮਰਨ ਦੀ ਪ੍ਰੰਪਰਾ ਵੀ ਸਮਾਪਤ ਨਹੀਂ ਹੁੰਦੀ ਹੈ। ਕਦੇ ਹੱਥ ਦਾ ਛੇਦਨ ਹੁੰਦਾ ਹੈ, ਕਦੇ ਪੈਰ ਕੱਟੇ ਜਾਂਦੇ ਹਨ, ਕਦੇ ਕੰਨ, ਨੱਕ, ਬੁੱਲ, ਜੀਭ ਦਾ ਛੇਦਨ ਹੁੰਦਾ ਹੈ, ਕਦੇ ਸਿਰ ਨੂੰ ਸਜਾ ਮਿਲਦੀ ਹੈ, ਕਦੇ ਸਿਰ ਮੁੰਨੀਆ ਜਾਂਦਾ ਹੈ, ਕਦੇ ਜੀਵ ਕੁੱਟੇ ਜਾਂਦੇ ਹਨ, ਕਦੇ ਪ੍ਰਾਣੀਆਂ ਨੂੰ ਕੁੱਟੀਆ ਜਾਂਦਾ ਹੈ, ਕਦੇ ਉਹਨਾ ਨੂੰ ਝਿੜਕੀਆ ਜਾਂਦਾ ਹੈ, ਕਦੇ ਉਹਨਾ ਦਾ ਕਤਲ ਕੀਤਾ ਜਾਂਦਾ ਹੈ, ਕਦੇ ਉਹਨਾਂ ਨੂੰ ਬੰਨੀਆ ਜਾਂਦਾ ਹੈ, ਕਦੇ ਮਾਰੇ ਜਾਂਦੇ ਹਨ, ਕਦੇ ਉਹਨਾ ਨੂੰ ਚੌਂਹ ਪਾਸੇ ਦੁੱਖ ਦਿੱਤਾ ਜਾਂਦਾ ਹੈ। ਜੰਜੀਰ ਤੇ ਸੰਗਲ ਦੇ ਬੰਧਨ ਸਾਰੀ ਜਿੰਦਗੀ ਲਈ ਜਕੜ ਯਾ ਜੋੜ ਰੂਪ ਵਿੱਚ ਜਕੜੇ ਸੰਕੋਚਨ ਮੋਚਨ ਆਦਿ ਕਸ਼ਟ ਦਿਤੇ ਜਾਂਦੇ ਹਨ, ਕਦੇ ਦਿਲ ਉਖਾੜੀਆ ਜਾ ਰਿਹਾ ਹੈ, ਕਦੇ ਦੰਦ ਉਖਾੜੇ ਜਾ ਰਹੇ ਹਨ।

ਕਦੇ ਕਿਸੇ ਨੂੰ ਦਰਖਤ ਦੀ ਸ਼ਾਖ ਨਾਲ ਬੰਨੀਆ ਜਾ ਰਿਹਾ ਹੈ, ਕਦੇ ਕਿਸੇ ਨੂੰ ਰੱਸੀ ਨਾਲ ਬੰਨ੍ਹ ਕੇ ਲਟਕਾਇਆ ਜਾ ਰਿਹਾ ਹੈ, ਕਿਸੇ ਨੂੰ ਘਸਿਟੀਆ ਜਾ ਰਿਹਾ ਹੈ, ਕਦੇ ਕਿਸੇ ਦਾ ਘਾਲ ਹੋ ਰਿਹਾ ਹੈ, ਕਦੇ ਕਿਸੇ ਨੂੰ ਦੁਖੀ ਕੀਤਾ ਜਾ ਰਿਹਾ ਹੈ, ਕਦੇ ਸਿੰਘ ਨੂੰ ਪੂੰਛ ਨਾਲ ਬੰਨ੍ਹ ਕੇ ਚਮੜੀ ਉਦੇੜੀ ਜਾ ਰਹੀ ਹੈ, ਕਦੇ ਕਿਸੇ ਨੂੰ ਕੱਟ ਨਾਂ ਦੀ ਘਾਹ ਵਿੱਚ ਲਪੇਟ ਕੇ ਜਲਾਇਆ ਜਾ ਰਿਹਾ ਹੈ, ਕਿਸੇ ਜਗ੍ਹਾ ਉਹਨਾਂ ਨੂੰ ਭੋਜਨ ਪਾਣੀ ਨਹੀਂ ਦਿਤਾ ਜਾ ਰਿਹਾ, ਕੋਈ ਦਰਿਦਰਤਾ ਦੇ ਦੁੱਖ ਤੋਂ ਪੀੜਤ ਹੈ। ਕੋਈ ਭੋਜਨ ਦੀ

ਕਮੀ ਜਾਂ ਨਾ ਪਚਨ ਕਾਰਨ ਦੁਖੀ ਹੈ, ਕੋਈ ਮਨ ਦਾ ਪਾਪੀ ਹੈ, ਦਿਨ ਰਾਤ ਆਰਥਕ ਜਾਂ ਪਰਿਵਾਰਕ ਕੋਈ ਚਿੰਤਾਵਾਨ ਹੈ"।

"ਭਾਈ, ਭੈਣ, ਪੁੱਤਰ, ਪੁਤਰੀ ਦੂਸਰੇ ਰਿਸ਼ਤੇਦਾਰ ਦੀ ਮੌਤ ਜਾਂ ਉਹਨਾ ਦੀ ਗਰੀਬੀ ਜਾਂ ਭੋਜਨ ਨਾ ਮਿਲਨਾ ਆਦਿ ਮਾਨਸਿਕ ਚਿੰਤਾਵਾਂ, ਚੰਗੇ ਦਾ ਵਿਯੋਗ, ਮਾੜੇ ਦਾ ਮਿਲਣਾ, ਅਪਮਾਨ, ਘਿਰਣਾ, ਹਾਰ ਅਤੇ ਹੋਰ ਵੀ ਅਨੇਕਾਂ ਚਿੰਤਾਵਾਂ ਦਾ ਅਨੁਭਵ ਕਰਦਾ ਹੋਇਆ। ਆਤਮਾ ਆਦਿ ਅੰਨਤ ਲੰਬੇ ਚਾਰ ਗਤੀ ਰੂਪੀ ਸੰਸਾਰ ਸਾਗਰ ਵਿੱਚ ਭੜਕਦਾ ਰਹਿੰਦਾ ਹੈ।

ਕਰਮ ਰਹਿਤ ਆਤਮਾ ਸੰਸਾਰ ਵਿੱਚ ਦੁਬਾਰਾ ਨਹੀਂ ਆਉਂਦਾ ਅਤੇ ਉਸ ਦੇ ਹੱਥ, ਪੈਰ ਛੇਦਨ ਆਦਿ ਦੇ ਸਾਰੇ ਦੁੱਖ ਸਮਾਪਤ ਹੋ ਜਾਂਦੇ ਹਨ। ਉਹ ਸੰਸਾਰ ਦੇ ਲੰਬੇ ਤੇ ਖਤਰਨਾਕ ਜੰਗਲ ਨੂੰ ਪਾਰ ਕਰਕੇ ਸ਼ਿਵ, ਅਚਲ, ਅਰੂਜ, ਅਕਸ਼ੈ, ਅਵਿਯਵਿਆਦ, ਪੁਨਰਆਗਮਨ ਰਹਿਤ ਅਤੇ ਸ਼ਾਸ਼ਵਤ ਸਥਾਨ (ਮੋਕਸ਼) ਨੂੰ ਪਾ ਲੈਂਦਾ ਹੈ"।

"ਸੰਸਾਰ ਦੇ ਸਾਰੇ ਦੇਹ ਧਾਰੀਆਂ ਦਾ ਜਨਮ ਮਰਨ ਕਾਰਨ ਕਰਮ ਹੀ ਹੈ। ਸਾਰੇ ਦੁੱਖਾਂ ਦਾ ਮੂਲ ਕਾਰਨ, ਕਰਮ ਹੀ ਹੈ ਅਤੇ ਅਗਲੇ ਜਨਮ ਮਰਨ ਦਾ ਕਾਰਨ ਵੀ ਕਰਮ ਹੈ"। ॥1॥

"ਪਿਛਲੇ ਕੀਤੇ ਪੁੰਨ ਅਤੇ ਪਾਪ ਸੰਸਾਰ ਦੀ ਉਤਪਤੀ ਦਾ ਮੂਲ ਕਰਮ ਹਨ, ਪੁੰਨ ਅਤੇ ਪਾਪ ਦੀ ਤਪ ਰਾਹੀਂ ਨਿਰਜਰਾ ਕਰਕੇ ਸਾਧਕ ਸਹੀ ਜੀਵਨ ਗੁਜਾਰੇ"। ॥2॥

"ਦੇਹ ਧਾਰੀ ਆਤਮਾ ਨੂੰ ਜੋ ਪੁੰਨ, ਪਾਪ ਦੇ ਗ੍ਰਹਿਣ ਅਤੇ ਭੋਗਨ ਯੋਗ ਵਸਤੂਆਂ ਦੀ ਪ੍ਰੰਪਰਾ ਪ੍ਰਾਪਤ ਹੁੰਦੀ ਹੈ। ਉਹ ਅਪਣੇ ਕੀਤੇ ਪੁੰਨ ਪਾਪ ਦਾ ਹੀ ਫਲ ਹੈ"। ॥3॥

"ਸੰਵਰ (ਪੁੰਨ ਪਾਪ ਦੇ ਫਲ ਨੂੰ ਰੋਕਨਾ) ਅਤੇ ਨਿਰਜਰਾ ਪੁੰਨ ਪਾਪ ਦੇ ਖਤਮ ਕਰਨ ਵਾਲੇ ਹਨ। ਇਸ ਲਈ ਸਾਧਕ ਸੰਵਰ ਅਤੇ ਨਿਰਜਰਾ ਦਾ ਸਹੀ ਢੰਗ ਨਾਲ ਪਾਲਨ ਕਰੇ"। ॥4॥

"ਇਹ ਮਿਥਿੱਆਤਵ (ਝੂਠੇ ਵਿਸ਼ਵਾਸ਼), ਅਨਿਵਰਤੀ (ਵਰਤ ਰਹਿਤ ਜੀਵਨ), ਪੰਜ ਪ੍ਰਕਾਰ ਦਾ ਪ੍ਰਮਾਦ (ਅਨਗਹਿਲੀ), ਕਸ਼ਾਏ (ਕਰੋਧ, ਮਾਨ, ਮਾਇਆ, ਲੋਭ), ਯੋਗ (ਮਨ, ਵਚਨ ਅਤੇ ਸਰੀਰ) ਕਰਮ ਗ੍ਰਹਿਣ ਦੇ ਕਾਰਨ ਹਨ। ਜਿਹਨਾ ਨੂੰ ਕਾਰਨਾਂ ਨੂੰ ਆਤਮਾ ਗ੍ਰਹਿਣ ਕਰਦਾ ਹੈ। ਉਹ ਪੰਜ ਹਨ"। ॥5॥

"ਜੇਹਾ ਅੰਡਾ ਹੁੰਦਾ ਹੈ, ਉਸੇ ਪ੍ਰਕਾਰ ਦਾ ਹੀ ਪੰਛੀ ਪੈਦਾ ਹੁੰਦਾ ਹੈ। ਜਿਸ ਤਰ੍ਹਾਂ ਦਾ ਬੀਜ ਹੋਵੇਗਾ, ਉਸੇ ਪ੍ਰਕਾਰ ਦਾ ਪੌਦਾ ਹੋਵੇਗਾ, ਇਸੇ ਪ੍ਰਕਾਰ ਜਿਸ ਪ੍ਰਕਾਰ ਦੇ ਕਰਮ ਹੋਣਗੇ, ਆਤਮਾ ਨੂੰ ਉਸੇ ਪ੍ਰਕਾਰ ਦਾ ਸ਼ਰੀਰ ਮਿਲੇਗਾ। ਕਰਮ ਦੇ ਕਾਰਨ ਜੀਵ ਉਤਪਤੀ ਵਿਚ ਅਤੇ ਭੋਗਾਂ ਦੇ ਸੁਖਾਂ ਵਿੱਚ ਭਿਨਤਾ ਵੇਖੀ ਜਾਂਦੀ ਹੈ"। ॥6॥

"ਨਿੱਵਰਤੀ, ਰਚਨਾ ਪੁਰਸ਼ਆਰਥ, ਅਤੇ ਅਨੇਕਾਂ ਤਰ੍ਹਾਂ ਦੇ ਸੰਕਲਪ ਭਿੰਨ ਭਿੰਨ ਪ੍ਰਕਾਰ ਦੀ ਵਰਖਾ ਅਤੇ ਤਰਕਾਂ ਦਾ ਕਾਰਨ ਕਰਮ ਹੈ"। ॥7॥

"ਇਹ ਆਤਮਾ ਦੀ ਭਾਵ ਦਸ਼ਾ ਹੈ ਇਸ ਲਈ ਸਾਧਕ ਵਾਰ ਵਾਰ ਸੰਜਮੀ ਬਣ ਕੇ, ਪਾਪ ਰਹਿਤ ਹੋ ਕੇ ਆਤਮਾ ਨੂੰ ਆਂਸ਼ਿਕ (ਥੋੜੇ) ਰੂਪ ਵਿੱਚ ਜਾਂ ਪੂਰਨ ਰੂਪ ਵਿੱਚ ਬਚਾਉਣਾ ਹੀ ਸੰਵਰ ਹੈ"।॥8॥

"ਆਤਮਾ ਹੀ ਭਿੰਨ ਭਿੰਨ ਰੂਪਾਂ ਵਿੱਚ ਕਰਮਾ ਦੀ ਨਿਰਜਰਾ ਕਰਦਾ ਹੈ, ਕਦੇ ਇਹ ਨਿਰਜਰਾ ਉਪਾਦਾਨ (ਕਰਮ ਸਹਿਤ) ਹੁੰਦੀ ਹੈ। ਕਦੇ ਨਵੇਂ ਕਰਮ ਦੇ ਗ੍ਰਹਿਣ ਕੀਤੇ ਬਗੈਰ ਹੁੰਦੀ ਹੈ, ਕਦੇ ਇਹ ਫਲ ਦੇ ਪ੍ਰਗਟ ਹੋਣ ਤੇ ਹੁੰਦੀ ਹੈ। ਕਦੇ ਇਹ ਕਰਮ ਦੇ ਥੋੜੇ ਅੰਸ਼ ਵਿੱਚ ਉਦੇ (ਪ੍ਰਗਟ) ਹੋਣ ਸਮੇਂ ਹੁੰਦੀ ਹੈ। ਕਦੇ ਉਪਕ੍ਰਮ (ਵਿਧੀ) ਨਾਲ ਕੀਤੇ ਤੱਪ ਨਾਲ ਹੁੰਦੀ ਹੈ"। ॥9॥

"ਸੰਸਾਰੀ ਆਤਮਾ ਹਰ ਸਮੇਂ ਕਰਮ ਬੰਧਨ ਕਰ ਰਿਹਾ ਹੈ ਅਤੇ ਹਰ ਸਮੇਂ ਹੀ ਕਰਮ ਦੀ ਨਿਰਜਰਾ ਵੀ ਕਰ ਰਿਹਾ ਹੈ। ਪਰ ਤਪ ਕਾਰਨ ਹੋਣ ਵਾਲੀ ਨਿਰਜਰਾ ਵਿਸ਼ੇਸ ਹੈ। ਅੰਕੁਰ ਤੋਂ ਸਕੰਧ ਬਣਦਾ ਹੈ, ਸਕੰਧ ਤੋਂ ਸ਼ਾਖਾਂ ਫੁਟਦੀਆਂ ਹਨ ਅਤੇ ਵਿਸ਼ਾਲ ਦਰਖਤ ਬਣਦਾ ਹੈ। ਆਤਮਾ ਦੇ ਸ਼ੁਭ ਅਸ਼ੁਭ ਕਰਮ ਇਸੇ ਪ੍ਰਕਾਰ ਵਿਕਸਤ ਹੁੰਦੇ ਹਨ"। ॥10॥

"ਬੱਧ ਸਪਸ਼ਟ ਅਤੇ ਨਿਧਤ ਕਰਮਾ ਵਿੱਚ ਉਪਕਰਮ (ਬੰਨੇ ਕਰਮਾ ਨੂੰ ਤੋੜਨਾ) ਉਤਕਰ ਅਤੇ ਸੰਸੋਭ ਅਤੇ ਖਾਤਮਾ ਹੋ ਸਕਦਾ ਹੈ, ਪਰ ਨਿਕਾਚਿੱਤ ਕਰਮ ਦੀ ਤਕਲੀਫ ਜਰੂਰ ਹੁੰਦੀ ਹੈ"। ॥12॥

"ਬੁੱਕ ਭਰ ਕੇ ਉਪਰ ਉਠਾਇਆ ਜਾਣ ਵਾਲਾ ਪਾਣੀ, ਹੋਲੀ ਹੋਲੀ ਹੇਠਾਂ ਨੂੰ ਗਿਰ ਕੇ ਖਤਮ ਹੁੰਦਾ ਹੈ। ਪਰ ਨਿਦਾਨ (ਕਰਮ ਬੰਧਨ ਪ੍ਰਕਿਰਿਆ) ਰਾਹੀ ਕੀਤਾ ਕਰਮ ਜ਼ਰੂਰ ਫਲ ਦਿੰਦਾ ਹੈ"। ॥13॥

"ਦੇਹ ਧਾਰੀਆਂ ਦੀ ਸਥਿਤੀ ਥੋੜੀ ਹੈ ਅਤੇ ਪਾਪ ਕਰਮ ਬਹੁਤ ਹਨ ਅਤੇ ਸਾਰੇ ਕਰਮ ਦੁਖ ਦੇਣ ਵਾਲੇ ਹਨ। ਪਾਪ ਕਰਮਾ ਦਾ ਬੰਧਨ ਪਹਿਲਾਂ ਹੁੰਦਾ ਹੈ (ਇਸ ਦੀ ਨਿਰਜਰਾ ਲਈ) ਦੁਸ਼ਕਰ ਤੱਪ ਦੀ ਜਰੂਰਤ ਹੈ"। ॥14॥

"ਬੋਧੀ-ਸ਼ੀਲਵਾਨ ਜੋਗੀ ਸਾਧਕ ਪਾਪ ਕਰਮਾ ਨੂੰ ਨਸ਼ਟ ਕਰਦਾ ਹੈ ਅਤੇ ਅੰਸ਼ ਰੂਪ ਵਿੱਚ ਕਰਮ ਖਤਮ ਹੋਣ ਤੇ ਅਨੇਕਾਂ ਰਿਧੀਆਂ ਨੂੰ ਪ੍ਰਾਪਤ ਹੋ ਜਾਂਦਾ ਹੈ"। ॥15॥

"ਤੱਪ ਸੰਜਮ ਯੁਕਤ ਆਤਮਾ ਕਰਮਾਂ ਦਾ ਛੇਦਨ ਕਰਕੇ ਵਿਸ਼ੇਸ਼ ਸ਼ਕਤੀ ਦੀ ਗਹਿਰਾਈ ਵਿੱਚ ਪ੍ਰਵੇਸ਼ ਕਰਦਾ ਹੈ। ਦ੍ਰਿਸ਼ਟੀਵਾਦ ਪੂਰਵ ਦੀ ਵਸਤੂ ਅਤੇ ਗਤੀ ਨਾਲ ਉਸ ਦਾ ਮਿਲਾਪ ਹੁੰਦਾ ਹੈ"। ॥16॥

"ਇਹ ਲਬਦੀਆਂ (ਰਿਧੀਆਂ ਸਿੱਧੀਆਂ) ਪਾਪ ਬੰਧਨ ਰੂਪ ਹਨ। ਇਹਨਾਂ ਨੂੰ ਗ੍ਰਹਿਣ ਕਰਨ ਵਾਲਾ ਕਦੇ ਵੀ ਦੁਖਾਂ ਦਾ ਖਾਤਮਾ ਨਹੀਂ ਕਰ ਸਕਦਾ। ਜਿਵੇਂ ਮਿਲੇ ਜੁਲੇ

ਫੁਲ ਗ੍ਰਹਿਣ ਕਰਨ ਵਾਲਾ ਸਮਝਦਾਰ ਆਦਮੀ ਵਿਸ਼ ਫੁਲ (ਜ਼ਹਿਰੀਲਾ ਫੁੱਲ) ਨੂੰ ਛੱਡਕੇ ਚੰਗੇ ਫੁੱਲ ਨੂੰ ਗ੍ਰਹਿਣ ਕਰਦਾ ਹੈ। ਇਸੇ ਪ੍ਰਕਾਰ ਯੋਗ ਸਾਧਕ ਰਿਧੀਆਂ ਸਿੱਧੀਆਂ ਦੇ ਦੁਰਉਪਯੋਗ ਨੂੰ ਰੋਕ ਕੇ ਉਹਨਾਂ ਦੀ ਚੰਗੀ ਵਰਤੋਂ ਕਰਕੇ ਦੁਖਾਂ ਦਾ ਖਾਤਮਾ ਕਰਦਾ ਹੈ"। ॥17॥

"ਸਮਝਦਾਰ ਸਾਧੂ ਦੁਰਲਭ ਸਮਿੱਅਕਤਵ ਅਤੇ ਦਿਆ ਨੂੰ ਪਾਉਣ ਵਿੱਚ ਆਲਸ ਨਾ ਕਰੇ, ਜਿਵੇਂ ਦੁਸ਼ਮਣ ਦਾ ਭੇਦ ਜਾਨਣ ਵਾਲਾ ਮਨੁੱਖ ਦੁਸ਼ਮਣ ਨੂੰ ਖਤਮ ਕਰਨ ਵਿੱਚ ਦੇਰ ਨਹੀਂ ਕਰਦਾ"। ॥18॥

"ਤੇਲ ਤੇ ਬੱਤੀ ਦੇ ਖਤਮ ਹੋਣ ਤੇ ਜਿਵੇਂ ਦੀਵੇ ਤੋਂ ਬਣੀ ਦੀਪਕਲਿਕਾ (ਜੋਤ) ਨੂੰ ਖਤਮ ਕਰਦਾ ਹੈ ਉਸੇ ਪ੍ਰਕਾਰ ਆਤਮਾ ਆਦਾਨ (ਕਰਮ ਬੰਧਨ ਦਾ ਕਾਰਨ) ਅਤੇ ਬੰਧ ਰਾਹੀਂ ਜਨਮ ਮਰਨ ਦੀ ਪ੍ਰੰਪਰਾ ਦਾ ਖਾਤਮਾ ਕਰਦਾ ਹੈ"। ॥19॥

"ਬਿਮਾਰੀ ਵਾਲਾ ਮਨੁੱਖ ਦੋਸ਼ਾ ਦੀ ਉਤਪਤੀ ਨੂੰ ਜਾਣ ਕੇ ਦੋਸ਼ਾ ਨੂੰ ਰੋਕਦਾ ਹੈ ਅਤੇ ਵੈਦਕ ਸ਼ਾਸਤਰ ਅਨੁਸਾਰ ਚਲਦਾ ਹੈ ਅਤੇ ਬਿਮਾਰੀ ਦੇ ਦੋਸ਼ਾ ਦਾ ਖਾਤਮਾ ਕਰਦਾ ਹੈ ਤਾਂ ਹੀ ਬਿਮਾਰੀ ਤੋਂ ਮੁਕਤ ਹੁੰਦਾ ਹੈ"। ॥20॥

"ਸ਼ਰਾਬ, ਜ਼ਹਿਰ, ਅੱਗ, ਗ੍ਰਹਿ ਦੋਸ਼, ਕਰਜਾ ਅਤੇ ਦੁਸ਼ਮਣ ਹੀ ਆਤਮਾ ਦੇ ਦੋਸ਼ ਹਨ। ਜਦ ਕਿ ਧਰਮ ਹੀ ਉਸ ਦਾ ਹਮੇਸ਼ਾ ਰਹਿਣ ਵਾਲਾ ਸੱਚਾ ਧੰਨ ਹੈ ਅਜੇਹਾ ਜਾਣਨਾ ਚਾਹਿਦਾ ਹੈ"। ॥21॥

"ਕਰਮ ਗ੍ਰਹਿਣ ਨੂੰ ਰੋਕ ਕੇ ਸਹੀ ਰਾਹ ਤੇ ਚਲਦਾ ਹੋਇਆ ਆਤਮਾ ਪਿਛਲੇ ਬਿਤੇ ਕਰਮਾ ਦੀ ਨਿਰਜਰਾ ਕਰਕੇ ਸਾਰੇ ਦੁਖਾਂ ਦਾ ਖਾਤਮਾ ਕਰ ਦਿੰਦਾ ਹੈ"। ॥22॥

"ਦੁਸ਼ਮਣ ਨੂੰ ਖਤਮ ਕਰਨ ਲਈ ਯੋਗ ਸ਼ਕਤੀ ਨਾਲ ਸੰਪਨ ਰੱਥ ਤੇ ਚੜ੍ਹੀਆ ਮਨੁੱਖ ਦੁਸ਼ਮਣ ਨੂੰ ਖਤਮ ਕਰ ਦਿੰਦਾ ਹੈ। ਇਸ ਪ੍ਰਕਾਰ ਸਮਿੱਅਕ ਦ੍ਰਿਸ਼ਟੀ ਅਨੰਤਾਅਵੰਦੀ ਕਸ਼ਾਏ (ਕਰੋਧ, ਮਾਨ ਮਾਇਆ) ਨੂੰ ਖਤਮ ਕਰ ਦਿੰਦਾ ਹੈ"। ॥23॥

"ਜਿਵੇਂ ਅੱਗ ਤੇ ਹਵਾ ਦੇ ਇਸਤਮਾਲ ਨਾਲ ਸੋਨਾ ਸ਼ੁੱਧ ਹੋ ਜਾਂਦਾ ਹੈ ਇਸ ਤਰ੍ਹਾਂ ਹੀ ਸਮਿੱਅਕ ਦਰਸ਼ਨ ਅਤੇ ਸਮਿੱਅਕ ਗਿਆਨ ਵਾਲਾ ਆਤਮਾ ਪਾਪਾਂ ਤੋਂ ਸੁਧ ਹੋ ਜਾਂਦਾ ਹੈ"। ॥24॥

"ਜਿਵੇਂ ਧੁੱਪ ਕਾਰਨ ਗਰਮ ਕਪੜਾ ਪਾਣੀ ਰਾਹੀਂ ਸ਼ੁਧ ਹੁੰਦਾ ਹੈ। ਉਸੇ ਪ੍ਰਕਾਰ ਸਮਿੱਅਕਤਵ ਨਾਲ ਆਤਮਾ ਧਿਆਨ ਨਾਲ ਸ਼ੁਧ ਹੁੰਦਾ ਹੈ"। ॥25॥

"ਧਾਤੂ ਦੇ ਮੇਲ ਨਾਲ ਸੋਨੇ ਦੀ ਮੈਲ ਦੂਰ ਹੁੰਦੀ ਹੈ ਇਸੇ ਪ੍ਰਕਾਰ ਅਨਾਦੀਕਾਲ ਦੇ ਕਰਮ ਵੀ ਤੱਪ ਨਾਲ ਨਸ਼ਟ ਹੋ ਜਾਂਦਾ ਹੈ"। ॥26॥

"ਕਪੜੇ ਆਦਿ ਦੀ ਸ਼ੁਧੀ ਅਤੇ ਕਰਮ ਦੀ ਸ਼ੁਧੀ ਮਾਤਰ ਉਦਾਹਰਨ ਹਨ ਇਹ ਉਦਾਹਰਨ ਇੱਕ ਪੱਖੀ ਹੈ ਇਸ ਲਈ ਠੀਕ ਢੰਗ ਨਾਲ ਇਹਨਾ ਦਾ ਅਧਿਐਨ ਕਰਨਾ ਚਾਹਿਦਾ ਹੈ"। ॥27॥

"ਆਵਰਜਨ ਸਮੁਦਾਤ, ਅਨਿਵਰਤੀ, ਯੋਗ ਨਿਰੋਧ ਅਤੇ ਸ਼ਲੇਸੀਕਰਨ ਦੇ ਰਾਹੀਂ ਆਤਮਾ ਕਰਮ ਖਤਮ ਕਰਕੇ ਸਿਧੀ ਨੂੰ ਪ੍ਰਾਪਤ ਕਰਦਾ ਹੈ"। ॥28॥

"ਜਲ ਧਾਰਾ ਦੇ ਵਿੱਚ ਰਹੀ ਨੋਕਾ ਦੀ ਤਰ੍ਹਾਂ ਕਰਮ ਲੇਪ ਰਹਿਤ ਆਤਮਾ ਸਿਧ ਹੁੰਦਾ ਹੈ ਰੋਗੀ ਰੋਗ ਤੋਂ ਮੁਕਤੀ ਪਾ ਕੇ ਖੁਸ਼ ਹੁੰਦਾ ਹੈ ਇਸੇ ਪ੍ਰਕਾਰ ਆਤਮਾ ਜਨਮ ਮਰਨ ਰੂਪੀ ਬਿਮਾਰੀ ਤੋਂ ਮੁਕਤੀ ਪਾ ਕੇ ਖੁਸ਼ੀ ਪ੍ਰਾਪਤ ਕਰਦਾ ਹੈ"। ॥29॥

"ਸਿਧ ਸਥਿਤੀ ਤੋਂ ਪਹਿਲਾਂ ਸੰਸਾਰੀ ਦਸ਼ਾ ਰੂਪੀ ਦੇਹ ਧਾਰੀ, ਬਾਨੀ ਅਤੇ ਮਨ ਤੋਂ ਇੱਕ ਆਤਮ ਦ੍ਰਵ ਵਿੱਚ ਰਹਿੰਦਾ ਹੈ। ਕਰਮਾਂ ਰਾਹੀ ਕੀਤੇ ਭਾਵਾਂ ਦੀ ਉੱਥੇ ਅਨਹੋਂਦ ਹੈ। ਆਤਮਾ ਸ਼ਾਇਕ ਸਮਿੱਅਤਵ ਕੇਵਲ ਗਿਆਨ ਤੋਂ ਬਾਅਦ ਦਰਸ਼ਨ ਅਤੇ ਅਨੰਤ ਸੁਖ ਰੂਪ ਅਤੇ ਸੱਤਵ ਪ੍ਰਮੇਹ ਆਦਿ ਪਰਿਨਾਮਕ ਭਾਵ ਵਿੱਚ ਰਹਿੰਦਾ ਹੈ। ਔਦਾਇਕ, ਔਪਸ਼ੀਮਕ ਅਤੇ ਸ਼ਾਇਕ ਸਮਿੱਅਤਵ ਦੀ ਅਨਹੋਂਦ ਹੈ ਭਵਯ ਰੂਪ ਵਿੱਚ ਪਰਿਨਾਮਿਕ ਭਾਵ ਦਾ ਵੀ ਉੱਥੇ ਅਭਾਵ ਹੈ। ਆਗਮ ਵਿੱਚ ਸਿੱਧ ਪ੍ਰਮਾਤਮਾ ਨੋ ਭਵਯ

ਅਭਵੱਯਾ ਹੈ ਕਿਉਂਕਿ ਸਿੱਧ ਸਥਿਤੀ ਪਾ ਚੁੱਕੇ ਹਨ ਉਹਨਾਂ ਲਈ ਭਵ ਕਿੱਥੇ ਰਹਿ ਜਾਂਦਾ ਹੈ"। ॥30॥

"ਸਿਧ ਆਤਮਾ ਲੋਕ ਦੇ ਉਪਰਲੇ ਹਿੱਸੇ ਵਿੱਚ ਸਥਿਤ ਹੈ ਉਸ ਤੋਂ ਅੱਗੇ ਆਤਮਾ ਨਹੀਂ ਜਾ ਸਕਦਾ। ਕਿਉਂਕਿ ਅੱਗੇ ਆਤਮਾ ਦੇ ਠਹਿਰਨ ਯੋਗ ਸਥਾਨ ਨਹੀਂ। ਉਸ ਦੀ ਗਤੀ ਉਰਧਵ ਗਤੀ (ਧੂਏਂ ਦੀ ਤਰ੍ਹਾਂ) ਹੈ। ਪਰ ਆਤਮਾ ਉੱਥੇ ਤੱਕ ਹੀ ਰੁਕਦੀ ਹੈ। ਜਿੱਥੇ ਧਰਮਾਸਿਤ ਕਾਇਆ ਹੈ (ਸਾਰੇ ਕਰਮਾ ਦੇ ਪੜਦੇ ਖਤਮ ਹੋਣ ਤੇ ਆਤਮਾ ਸੁਖ ਨੂੰ ਪ੍ਰਾਪਤ ਹੁੰਦੀ) ਹੈ। ਆਸਤੀ ਲੱਛਣ ਤੋਂ ਸੱਦਭਾਵ ਸ਼ੀਲ ਹੈ ਅਤੇ ਉਹ ਪਰਮ ਨਿਤ ਅਤੇ ਸ਼ਾਸਵਤ (ਹਮੇਸ਼ਾ ਰਹਿਣ ਵਾਲੇ) ਹੁੰਦਾ ਹੈ"। ॥31॥

"ਸੰਸਾਰ ਵਿੱਚ ਸਾਰੇ ਦੇਹ ਧਾਰੀ ਆਤਮਾ ਨੂੰ ਦ੍ਰਵ, ਖੇਤਰ, ਕਾਲ ਅਤੇ ਭਾਵ ਤੋਂ ਨਿਤ ਅਤੇ ਅਨਿਤ ਜਾਣਨਾ ਚਾਹਿਦਾ ਹੈ"। ॥32॥

"ਗੰਭੀਰ ਸਰਵੋਤਭਦਰ ਸਾਰੇ ਭਾਵਾਂ ਨੂੰ ਜਾਹਿਰ ਕਰਨ ਵਾਲੇ ਅੰਦਰ ਦੀ ਗੁਫਾ ਨੂੰ ਪ੍ਰਕਾਸ਼ਤ ਕਰਨ ਵਾਲੇ ਸਰਵਗ ਰਾਹੀ ਫਰਮਾਏ ਧਰਮ ਨੂੰ ਜੋ ਠੀਕ ਪ੍ਰਕਾਰ ਨਾਲ ਅਨੁਭਵ ਕਰਦਾ ਹੈ ਜਾਂ ਪਹਿਚਾਨਦਾ ਹੈ ਉਹ ਆਤਮਾ ਧੰਨ ਹੈ"। ॥33॥

***********

ਟਿਪਨੀ: ਕਰਮ ਬੰਧ ਦੇ ਦੋ ਰੂਪ ਹਨ, ਕਸ਼ਾਏ ਦੀ ਘਾਟ ਕਾਰਨ ਜੋ ਕਰਮ ਬਣਦੇ ਹਨ। ਉਹ ਬੰਧਨ ਕਮਜੋਰ ਹੁੰਦੇ ਹਨ। ਪਰ ਜੋ ਕਸ਼ਾਏ ਦੀ ਤੇਜ਼ੀ ਕਾਰਨ ਬਣੇ ਜਾਂਦੇ ਹਨ। ਉਹਨਾਂ ਦੇ ਫਲ ਵਿੱਚ ਪਰਿਵਰਤਨ ਨਹੀਂ ਹੋ ਸਕਦਾ। ਜਿਹਨਾਂ ਕਰਮਾ ਵਿੱਚ ਉਦਵਰਤਨ, ਅਪਵਰਤਨ ਅਤੇ ਸਕਰਮਨ ਸੰਭਵ ਹੈ। ਉਹ ਨਿੱਧਤ ਕਰਮ ਅਖਵਾਉਂਦੇ ਹਨ। ਜਿਹਨਾਂ ਕਰਮਾਂ ਵਿੱਚ ਉਦਵਰਤਨ ਆਦਿ ਕ੍ਰਿਆ ਨਹੀਂ ਉਹ ਨਿਕਾਚਿਤ ਕਰਮ ਹਨ।

## ਦਸਵਾਂ ਅਧਿਐਨ (ਤੈਤਲੀ ਪੁੱਤਰ ਅਰਹਤ ਰਿਸ਼ਿ ਭਾਸ਼ਿਤ)

(ਤੈਤਲੀ ਪੁੱਤਰ ਦਾ ਵਰਨਣ ਕੁੱਝ ਫਰਕ ਨਾਲ ਗਿਆਤਾ ਧਰਮ ਕਥਾ ਸੂਤਰ ਵਿੱਚ ਆਇਆ ਹੈ। ਹੋ ਸਕਦਾ ਹੈ ਕਿ ਇਹ ਘਟਨਾ ਕਿਸੇ ਹੋਰ ਦੀ ਤੀਰਥੰਕਰ ਸਮੇਂ ਹੋਈ ਹੋਵੇ, ਅਰਹਤ ਰਿਸ਼ਿ ਤੈਤਲੀ ਪੁਤਰ ਨੇ ਇਹ ਵਾਕ ਉਦੋਂ ਆਖੇ ਜਦੋਂ ਉਹ ਸਮਾਜ ਤੋਂ ਉਕਤਾ ਚੁੱਕੇ ਸਨ) ਕੌਨ ਕਿਸੇ ਨੂੰ ਰੋਕ ਸਕਦਾ ਹੈ? ਮੇਰੇ ਇਹਨਾਂ ਕਰਮਾਂ ਤੋਂ ਮੈਨੂੰ ਕੌਣ ਰੋਕ ਸਕਦਾ ਹੈ।

"ਸ਼੍ਰਮਣ ਵਰਗ ਬੋਲਦਾ ਹੈ ਕਿ ਸ਼ਰਧਾ ਕਰਨੀ ਚਾਹਿਦੀ ਹੈ। ਬ੍ਰਹਮਨ ਵਰਗ ਵੀ ਆਖਦਾ ਹੈ ਕਿ ਸ਼ਰਧਾ ਕਰੋ ਪਰ ਮੈਂ ਇਕਲਾ ਆਖਦਾ ਹਾਂ ਕਿ ਸ਼ਰਧਾ ਨਹੀਂ ਕਰਨੀ ਚਾਹਿਦੀ ਹੈ" ਇਸ ਪ੍ਰਕਾਰ ਤੈਤਲੀ ਅਰਹਤ ਰਿਸ਼ਿ ਨੇ ਫਰਮਾਇਆ।

"ਪਰਿਵਾਰ ਨਾਲ ਰਹਿੰਦੇ ਹੋਏ ਮੈਂ ਪਰਿਵਾਰ ਰਹਿਤ ਹਾਂ" ਅਜਿਹਾ ਆਖਣ ਤੇ ਕੌਣ ਸ਼ਰਧਾ ਕਰੇਗਾ? ਪੁੱਤਰ ਹੋਣ ਤੇ ਵੀ ਮੈਂ ਪੁੱਤਰ ਰਹਿਤ ਹਾਂ ਮੇਰੇ ਅਜਿਹੇ ਕਥਨ ਤੇ ਕੌਣ ਵਿਸ਼ਵਾਸ਼ ਕਰੇਗਾ? ਇਸੇ ਪ੍ਰਕਾਰ ਮਿੱਤਰ ਅਤੇ ਪ੍ਰੇਮੀ ਸਜਣਾ ਦੇ ਹੁੰਦੇ ਹੋਏ ਵੀ ਮੈਨੂੰ ਇਹਨਾਂ ਤੋਂ ਰਹਿਤ ਕੌਣ ਮੰਨੇਗਾ? ਮੇਰੇ ਪਾਸ ਧੰਨ ਹੋਣ ਤੇ ਮੇਰੀ ਧੰਨ ਹੀਣਤਾ ਤੇ ਸ਼ਰਧਾ ਕੌਣ ਕਰੇਗਾ? ਪਰਿਗ੍ਰਹਿ ਹੋਣ ਤੇ ਵੀ ਮੈਨੂੰ ਅਪਰਿਗ੍ਰਹਿ ਹੋਣ ਦਾ ਸੱਚ ਕੌਣ ਮੰਨੇਗਾ? ਦਾਨ, ਮਾਨ, ਸਤਿਕਾਰ, ਉਪਕਾਰ, ਹੋਣ ਤੇ ਵੀ ਮੈਨੂੰ ਇਹਨਾਂ ਤੋਂ ਵੱਖ ਕੌਣ ਮੰਨੇਗਾ?

ਤੈਤਲੀ ਪੁੱਤਰ  ਦੇ ਰਿਸ਼ਤੇਦਾਰ ਤੇ ਦੋਸਤ ਉਹਨਾਂ ਤੋਂ ਰੁੱਸ ਗਏ ਇਸ ਗੱਲ ਤੇ ਕੌਣ ਯਕੀਨ ਕਰੇਗਾ? ਉੱਚੀ ਜਾਤ ਵਿੱਚ ਪੈਦਾ ਹੋਈ ਸੁੰਦਰੀ, ਵਿਨੈ ਅਤੇ ਉਪਕਾਰ ਦੀ ਮੂਰਤ, ਸੁਨਿਆਰ ਦੀ ਲੜਕੀ ਪੋਟਿੱਲਾ ਗਲਤ ਵਿਸ਼ਵਾਸ਼ (ਬਹਿਕਾਵੇ) ਵਿੱਚ ਆ ਗਈ ਅਜਿਹਾ ਵਿਸ਼ਵਾਸ਼ ਕੌਣ ਕਰੇਗਾ? ਨੀਤੀਵਾਨ ਸ਼ਾਸ਼ਤਰਾਂ ਦੇ ਜਾਣਕਾਰ, ਤੈਤਲੀ ਪੁੱਤਰ ਵਹਿਮ ਵਿੱਚ ਡੁੱਬ ਗਿਆ ਹੈ ਅਜਿਹਾ ਵਿਸ਼ਵਾਸ਼ ਕੌਣ ਕਰੇਗਾ? ਤੈਤਲੀ ਪੁੱਤਰ ਮੰਤਰੀ

ਨੇ ਘਰ ਵਿੱਚ ਆ ਕੇ ਤਾਲਪੁੱਟ ਜ਼ਹਿਰ ਖਾ ਲਿਆ ਹੈ, ਜਿਸ ਨੇ ਅਸਰ ਨਹੀਂ ਕੀਤਾ ਜੋ ਬੇਅਸਰ ਰਿਹਾ, ਅਜਿਹਾ ਵਿਸ਼ਵਾਸ਼ ਕੌਣ ਕਰੇਗਾ?

ਤੈਤਲੀ ਪੁੱਤਰ ਮੰਤਰੀ ਵਿਸ਼ਾਲ ਦਰਖਤ ਤੇ ਚੜ੍ਹ ਕੇ ਫਾਂਸੀ ਲਗਾਉਂਦਾ ਹੈ ਪਰ ਮਰ ਨਹੀਂ ਸਕਿਆ ਅਤੇ ਦਰਖਤ ਦਾ ਟਾਹਨਾ ਟੁੱਟ ਗਿਆ ਅਜਿਹੇ ਵਚਨ ਤੇ ਵਿਸ਼ਵਾਸ਼ ਕੌਣ ਕਰੇਗਾ? ਤੈਤਲੀ ਪੁੱਤਰ ਬੜੇ ਬੜੇ ਪੱਥਰ ਗਲ ਵਿੱਚ ਬੰਨ੍ਹ ਕੇ ਡੂੰਘੇ ਜਲ ਵਾਲੇ ਤਲਾਅ ਵਿੱਚ ਛਾਲ ਮਾਰਦਾ ਹੈ ਇਸ ਗੱਲ ਤੇ ਕੌਣ ਯਕੀਨ ਕਰੇਗਾ? ਇਸ ਤੋਂ ਬਾਅਦ ਤੈਤਲੀ ਪੁੱਤਰ ਲਕੜੀ ਦੀ ਵਿਸ਼ਾਲ ਚਿਤਾ ਬਣਾ ਕੇ ਇਸ ਵਿੱਚ ਛਾਲ ਮਾਰਦਾ ਹੈ ਅੱਗ ਬੁੱਝ ਜਾਂਦੀ ਹੈ ਅਜਿਹਾ ਵਿਸ਼ਵਾਸ਼ ਕੌਣ ਕਰੇਗਾ?

ਬਾਅਦ ਵਿੱਚ ਸੁਨਿਆਰ ਦੀ ਪੁਤਰੀ ਪੋਟੀਲਾ ਛੋਟੀਆਂ ਛੋਟੀਆਂ ਘੰਟੀਆਂ ਨਾਲ ਜੜੇ ਪੰਜ ਰੰਗੇ ਕਪੜੇ ਪਹਿਨ ਕੇ ਆਕਾਸ਼ ਵਿੱਚ ਖੜੀ ਹੋ ਕੇ, ਇਸ ਪ੍ਰਕਾਰ ਬੋਲੀ "ਇਹ ਸਮਝੋ ਕਿ ਤੁਹਾਡੇ ਸਾਹਮਣੇ ਪਹਾੜ ਅਤੇ ਗੁਫਾ ਨੂੰ ਚੀਰਦਾ ਝਰਨਾ ਬਹਿ ਰਿਹਾ ਹੈ, ਜਮੀਨ ਨੂੰ ਕੰਬਾਦਾ ਹੋਇਆ ਅਤੇ ਦਰਖਤਾਂ ਨੂੰ ਉਖਾੜਦਾ ਹੋਇਆ ਘਣੇ ਅੰਧਕਾਰ ਨੂੰ ਹਨੇਰੇ ਦੀ ਤਰ੍ਹਾਂ ਪਰਤਖ ਮਹਾਂ ਕਾਲ ਜਿਹਾ ਸ਼ਬਦ ਕਰਦਾ ਹੋਇਆ ਮਹਾਂ ਗਜਰਾਜ (ਹਾਥੀ) ਸਾਹਮਣੇ ਖੜਾ ਹੈ।

ਅੱਖ ਝਪਕਣ ਵਿੱਚ ਦੋਹਾਂ ਅਤੇ ਤੇਜ ਧੁੰਨਸ ਤੋਂ ਟੁਟੇ ਹੋਏ, ਧਰਤੀ ਦੀ ਬੱਖੀ ਨੂੰ ਪੂਰਨ ਰੂਪ ਵਿੱਚ ਚੀਰਦੇ ਹੋਏ ਵਾਨ ਵਰਸ ਰਹੇ ਹਨ। ਇਹਨਾਂ ਦੇ ਪਿਛਲੇ ਹਿੱਸੇ ਵਿੱਚ ਲੱਗੇ ਖਾਲੀ ਖੰਬ ਹੀ ਦਿਖਾਈ ਦਿੰਦੇ ਹਨ। ਅੱਗ ਦੀਆਂ ਹਜਾਰਾਂ ਲਪਟਾਂ ਨਾਲ ਸਾਰਾ ਜੰਗਲ ਜੱਲ ਰਿਹਾ ਹੈ। ਧੂ ਧੂ ਕਰਦੀਆਂ ਹੋਇਆ ਲਪਟਾਂ ਉੱਠ ਰਹੀਆਂ ਹਨ, ਛੇਤੀ ਪੈਦਾ ਹੋਣ ਵਾਲੇ ਸੂਰਜ ਦੀ ਤਰ੍ਹਾਂ ਲਾਲ ਅੰਗਾਰਾ ਬਣ ਕੇ ਇਹ ਘਰ ਜਲ ਉੱਠੇਗਾ। ਹੇ ਆਯੂਸਮਾਨ! ਤੈਤਲੀ ਪੁਤਰ ਅਜਿਹਾ ਹੋਣ ਤੇ ਅਸੀਂ ਕਿੱਥੇ ਜਾਇਏ?

ਬਾਅਦ ਵਿੱਚ ਮੰਤਰੀ ਤੈਤਲੀ ਪੁਤਰ ਨੇ ਸੁਨਿਆਰ ਦੀ ਪੁੱਤਰੀ ਪੋਟੀਲਾ ਨੂੰ ਇਸ ਪ੍ਰਕਾਰ ਕਿਹਾ, "ਹੇ ਪੋਟੀਲਾ! ਮੈਨੂੰ ਸਵਿਕਾਰ ਕਰਨਾ ਹੀ ਪਵੇਗਾ ਕਿ ਡਰੇ ਮਨੁੱਖ ਲਈ ਦਿਖਿਆ ਹੀ ਸੰਭਵ ਉਪਾ ਹੈ, ਗੁਨਾਹਗਾਰ ਆਦਮੀ ਆਤਮ ਹੱਤਿਆ ਕਰ ਸਕਦਾ ਹੈ, ਧੋਖੇ ਵਾਲਾ ਵਿਅਕਤੀ ਦਾ ਭੇਦ ਗੁਪਤ ਕੰਮ ਹੁੰਦੇ ਹੋਏ ਘੁੰਮਣ ਵਾਲੇ ਵਿਅਕਤੀ ਲਈ ਸ਼ੁਭ ਦੇਸ਼ ਯਾਤਰਾ ਹੀ ਹੁੰਦੀ ਹੈ, ਪਿਆਸੇ ਦਾ ਪਾਣੀ ਪੀਣਾ, ਭੁਖੇ ਦਾ ਭੋਜਣ ਕਰਨਾ, ਦੂਸਰੇ ਨੂੰ ਜਿੱਤਣ ਵਾਲੇ ਲਈ ਹਥਿਆਰ ਵਿਦਿਆ ਦਾ ਗਿਆਨ ਹੁੰਦਾ ਹੈ। ਇਸੇ ਪ੍ਰਕਾਰ ਸ਼ਾਂਤ, ਇੰਦਰੀਆਂ ਤੇ ਜੇਤੂ ਤਿੰਨ ਗੁਪਤੀਆਂ ਦੇ ਪਾਲਕ ਮੁਨੀ ਲਈ ਇਸ ਪ੍ਰਕਾਰ ਦੇ ਝਰਨੇ ਨੂੰ ਪਾਰ ਕਰਨ ਦਾ ਕੋਈ ਡਰ ਨਹੀਂ ਹੁੰਦਾ"

ਇਸ ਪ੍ਰਕਾਰ ਤੈਤਲੀ ਪੁਤਰ ਅਰਹਤ ਰਿਸ਼ਿ ਨੇ ਆਖਿਆ।

# ਗਿਆਰ੍ਹਵਾ ਅਧਿਐਨ (ਮੰਖਲੀ ਪੁੱਤਰ ਅਰਹਤ ਰਿਸ਼ਿ ਭਾਸ਼ਿਤ)

(ਇਥੇ ਮੰਖਲੀ ਪੁਤਰ ਜੈਨ ਆਗਮਾ ਵਿੱਚ ਪ੍ਰਸ਼ਿਧ ਅਜਿਬਕ ਫਿਰਕੇ ਦਾ ਸੰਸਥਾਪਕ ਮੰਖਲੀ ਪੁੱਤਰ ਗੋਸ਼ਾਲਕ ਤੋਂ ਭਿੰਨ ਹੈ, ਗੋਸ਼ਾਲਕ ਭਗਵਾਨ ਮਹਾਵੀਰ ਦਾ ਸਮਕਾਲੀ ਸੀ ਜਦ ਕਿ ਇਹ ਮੰਖਲੀ ਪੁਤਰ 22ਵੇਂ ਤੀਰਥੰਕਰ ਨੇਮੀ ਨਾਥ ਸਮੇਂ ਪੈਦਾ ਹੋਇਆ)

"ਵੀਤਰਾਗ ਦੀ ਆਗਿਆ ਪ੍ਰਾਪਤ ਕਰਨ ਲਈ ਵੀ ਸੰਸਾਰਿਕ ਗਿਆਨ ਪ੍ਰਾਪਤ ਕਰਨ ਵਾਲੇ ਸੱਜਣ ਵੀ ਮੁਨੀ ਨਹੀਂ ਰਹਿੰਦੇ, ਪਰ ਸੰਸਾਰਿਕ ਗਿਆਨ ਦਾ ਅਧਿਐਨ ਛੱਡ ਕੇ ਅਧਿਆਤਮਕ ਗਿਆਨ ਨੂੰ ਪ੍ਰਾਪਤ ਕਰਨ ਵਾਲਾ ਹੀ ਮੁਨੀ ਹੁੰਦਾ ਹੈ। ਜੋ ਕੇਵਲ ਚਰਨ - ਕਰਨ ਆਚਾਰ ਦੇ ਨਿਯਮ - ਉਪ ਨਿਯਮ ਵਿੱਚ ਰਹਿਕੇ ਅਪਣੀ ਆਤਮਾ ਅਤੇ ਦੂਸਰੇ ਦੀ ਆਤਮਾ ਦੇ ਗਿਆਨ ਤੋਂ ਵੱਖ ਰਹਿਨ ਵਾਲਾ ਸਾਧੂ ਚਰਨ - ਕਰਨ ਦੇ ਸਾਰ ਨੂੰ ਸ਼ੁਧ ਰੂਪ ਵਿੱਚ ਪਹਿਚਾਨਦਾ ਹੈ।

ਮੁਨੀ ਕੱਸ਼ਟਾਂ ਨੂੰ ਵੇਖ ਕੇ ਕੰਬ ਜਾਂਦਾ ਹੈ ਉਹਨਾਂ ਦੁਖਾਂ ਨੂੰ ਭੋਗਦਾ ਹੈ ਸੰਚਿਤ, ਦ੍ਰਵ ਆਦਿ ਦਾ ਸੰਗ੍ਰਹਿ ਕਰਦਾ ਹੈ ਉਸ ਨੂੰ ਛੋਂਦਾ ਹੈ ਕਸ਼ਾਏ (ਕਰੋਧ, ਮਾਨ, ਮਾਇਆ, ਲੋਭ) ਕਾਰਨ ਉਹਨਾਂ ਨੂੰ ਕਸ਼ਾਏ ਵਿੱਚ ਬਦਲਦਾ ਹੈ ਉਹ ਆਤਮਾ ਦਾ ਰੱਖਿਅਕ ਨਹੀਂ ਹੈ ਪਰ ਜਿਸ ਸਾਧੂ ਨੂੰ ਸਾਧੂ ਜੀਵਨ ਦੇ ਕੱਸ਼ਟ (ਪਰੀਸ਼ੈ) ਸਾਹਮਣੇ ਆਉਣ ਤੇ ਨਾ ਤਾਂ ਕਾਂਬਾ ਛੁਟਦਾ ਹੈ ਨਾ ਦੁਖ ਮਹਿਸੂਸ ਹੁੰਦਾ ਹੈ, ਜਿਸ ਨੂੰ ਕਸ਼ੋਭ, ਸੰਘਟਨ, ਸੰਪਦਨ, ਚਲਨ, ਉਦੀਰਣ ਵੀ ਨਹੀਂ ਹੈ। ਉਹ ਇਹਨਾਂ ਨੂੰ ਭਾਵਾਂ ਵਿੱਚ ਵੀ ਨਹੀਂ ਬਦਲਦਾ ਉਹ ਮੁਨੀ ਆਤਮ ਰੱਖਿਅਕ ਮੁਨੀ ਹੈ। ਕਿਉਂਕਿ ਰੱਖਿਅਕ ਮੁਨੀ ਵਿੱਚ ਇਹ ਭਾਵ ਪ੍ਰਗਟ ਨਹੀਂ ਹੁੰਦੇ। ਅਜਿਹਾ ਰੱਖਿਅਕ ਮੁਨੀ ਹੀ ਅਪਣੇ ਆਪ ਨੂੰ ਅਤੇ ਹੋਰ ਆਤਮਾ ਨੂੰ ਚਾਰ ਗਤੀ ਤੇ ਚਾਰ ਦਿਸ਼ਾ ਵਿੱਚ ਹੀ ਜਿਸ ਦਾ ਅੰਤ ਹੈ ਅਜਿਹੇ ਸੰਸਾਰ ਰੂਪੀ ਜੰਗਲ ਵਿੱਚ ਆਤਮਾ ਦੀ ਰੱਖਿਆ ਕਰਦਾ ਹੈ"।

"ਮਾਰਗ ਦਰਸ਼ਕ, ਪੁਰਸਾਰਥੀ, ਕੁਸ਼ਲ, ਨੇਤਾ ਨਿਸ਼ਾਨਾ ਅਤੇ ਗਤੀ ਦਾ ਗਿਆਨ ਕਰਕੇ ਅਪਣੇ ਪਿੰਡ ਵਿੱਚ ਰਹਿੰਦੇ ਲੋਕਾਂ ਨੂੰ ਮਿਲ ਸਕਦਾ ਹੈ"। ॥1॥

"ਸਸਤਰ, (ਚੀਰ ਫਾੜ, ਚਕਿਸ਼ਤਾ) ਕਰਨ ਵਿੱਚ ਕੁਸ਼ਲ, ਮਾਹਰ, ਵੀਰ, ਵੈਦ, ਮੋਚਨੀ (ਉਪਚਾਰਯੋਗ ਰੋਗ) ਤੋਂ ਰੋਗੀ ਨੂੰ ਮੁਕਤ ਕਰਦਾ ਹੈ। ਸਿਧ ਹਸਤ ਵੈਦ ਦੇ ਹੱਥ ਵਿੱਚ ਰੋਗੀ ਅਪਣੇ ਆਪ ਨੂੰ ਰੋਗ ਮੁਕਤ ਮਨਦਾ ਹੈ। ਅਧਿਆਤਮ ਦੇ ਕੁਸ਼ਲ ਵੈਦ ਦੇ ਕੋਲ ਪਹੁੰਚ ਕੇ ਸਾਧਕ ਅੰਤ ਹੀਨ ਸਮੇਂ ਤੋਂ ਲੱਗਿਆ ਵਾਸਨਾਵਾਂ ਦੇ ਰੋਗ ਤੋਂ ਮੁਕਤ ਹੋ ਜਾਂਦਾ ਹੈ"। ॥2॥

"ਜੋ ਦ੍ਰਵ ਦੇ ਗੁਣ ਅਤੇ ਲਾਘਵ ਦੇ ਵਿਧਾਨ ਦਾ ਸਮੇਲ ਕਰਦਾ ਹੈ। ਇਹੋ ਸਮੇਲ ਸਾਰੇ ਕੰਮ ਪੂਰੇ ਕਰਦਾ ਹੈ"। ॥3॥

"ਪ੍ਰਗਿਆ ਸ਼ੀਲ (ਗਿਆਨੀ) ਸਾਧੂ ਵਿਦਿਆ ਅਤੇ ਵਿਚਾਰ ਦਾ ਜਾਣਕਾਰ ਹੁੰਦਾ ਹੈ ਸ਼ਕਤੀਵਾਨ ਹੁੰਦਾ ਹੈ। ਉਹ ਵਿਦਿਆ ਦੀ ਸਾਧਨਾ ਕਰਕੇ ਤੁਰੰਤ ਹੀ ਅਪਣਾ ਕੰਮ ਕਰਦਾ ਹੈ"। ॥4॥

"ਜੋ ਮੋਕਸ਼ ਮਾਰਗ ਦੇ ਸਰੂਪ ਤੇ ਰਚਨਾ ਨੂੰ ਸਹੀ ਢੰਗ ਨਾਲ ਜਾਨਦਾ ਹੈ। ਉਹ ਆਤਮਾ ਰਾਗ ਦਵੇਸ਼ ਨੂੰ ਖਤਮ ਕਰਕੇ ਸਿਧ ਅਵਸਥਾ (ਪ੍ਰਮਾਤਮਾ ਪ੍ਰਤੀ) ਪ੍ਰਾਪਤ ਹੁੰਦਾ ਹੈ"। ॥5॥

ਇਹੋ ਮੰਖਲਰੀ ਪੁਤਰ ਅਰਹਤ ਰਿਸ਼ਿ ਨੇ ਆਖਿਆ ਹੈ।

## ਬਾਰਹਵਾਂ ਅਧਿਐਨ (ਯਾਗਵੱਲਯਕ ਅਰਹਤ ਰਿਸ਼ਿ ਭਾਸ਼ਿਤ)

"ਸਾਧੂ ਨੂੰ ਇਹ ਜਾਣਨਾ ਚਾਹਿਦਾ ਹੈ ਕਿ ਜੱਦ ਤੱਕ ਲੋਕ ਏਸ਼ਨਾ ਸੰਸਾਰ ਵਿੱਚ (ਸੰਸਾਰ ਵਿੱਚ ਪੂਜਾ ਦੀ ਇੱਛਾ) ਹੈ ਤੱਦ ਤੱਕ ਵਿਤ ਏਸ਼ਨਾ (ਪੈਸੇ ਦੀ ਇੱਛਾ) ਹੈ। ਜੱਦ ਤੱਕ ਵਿਤ ਏਸ਼ਨਾ ਹੈ ਤੱਦ ਤੱਕ ਲੋਕ ਏਸ਼ਨਾ ਹੈ। ਸੱਚਾ ਸਾਧੂ ਲੋਕ ਏਸ਼ਨਾ ਤੇ ਵਿਤ ਏਸ਼ਨਾ ਦਾ ਤਿਆਗ ਕਰਕੇ ਗਊ ਵਾਲੇ ਮਾਰਗ ਤੇ ਚੱਲੇ ਵਿਸ਼ਾਲ ਮਹਾਂ ਪੱਥ ਤੇ ਨਾ ਚੱਲੇ" ਅਜਿਹਾ ਯਾਗਵੱਲਯਕ ਅਰਹਤ ਰਿਸ਼ਿ ਨੇ ਆਖਿਆ ਹੈ।

"ਜਿਵੇਂ ਕਬੂਤਰ, ਕੰਪੀਜਲ ਪੰਛੀ ਵੇਖ ਅਤੇ ਗਊ ਸਵੇਰੇ ਭੋਜਨ ਦੇ ਲਈ ਜੰਗਲ ਵਿੱਚ ਘੁੰਮਦੇ ਹਨ ਇਸੇ ਪ੍ਰਕਾਰ ਮੁਨੀ ਗੋਚਰੀ (ਭਿਖਿਆ) ਲਈ ਗਊ ਦੀ ਤਰ੍ਹਾਂ ਘਰ ਵਿੱਚ ਜਾਵੇ, ਸਵਾਦੀ ਭੋਜਨ ਪ੍ਰਾਪਤ ਹੋਣ ਤੇ ਦੇਣ ਵਾਲੇ ਗ੍ਰਹਿਸਥੀ ਦੀ ਪ੍ਰਸੰਸਾ ਨਾ ਕਰੇ ਅਤੇ ਭਿਖਿਆ ਨਾ ਮਿਲਣ ਤੇ ਕਿਸੇ ਤੇ ਕਰੋਧੀ ਨਾ ਹੋਵੇ"। ॥1॥

"ਦੋਸਾਂ (ਕਰਮਾਂ) ਦੇ ਦੂਰ ਕਰਨ ਲਈ ਮੁਕਤ ਆਤਮਾ, ਮੁਨੀ ਪੰਜ ਬਨੀਪੱਕ (ਦੁਸਰੇ ਧਰਮ ਦੇ ਸਾਧੂ) -ਯਾਚਕ-ਅਤਿਥੀ ਕ੍ਰਿਪਨ ਦੀਨ ਬ੍ਰਾਹਮਣ, ਕੁੱਤੇ ਅਤੇ ਸ਼੍ਰਮਣਾ ਤੋਂ ਸ਼ੁਧ ਭਾਵ ਵਿਘਨ ਨਾ ਬਨਦਾ ਹੋਇਆ ਨਿਰਦੋਸ਼ ਭਿਖਸ਼ਾ ਦੀ ਭਾਲ ਕਰੇ"। ॥2॥

"ਮੁਨੀ ਅਪਣੇ ਮੁਨੀ ਰੂਪ ਅਤੇ ਫਲ ਵਿਰਤੀ ਦਾ ਵਿਚਾਰ ਕਰੇ ਅਪਣੇ ਤੇ ਦੁਸਰੇ ਪ੍ਰਤੀ ਕੀਤੇ ਕਰੋਧ ਦੇ ਫਲ ਦਾ ਵੀ ਚਿੰਤਨ ਕਰੇ। ਭਾਵ ਭਿਕਸ਼ਾ ਦੇ ਲਈ ਜਾਂਦੇ ਸਮੇਂ ਜੈਨ ਧਰਮ ਅਤੇ ਮੁਨੀ ਰੂਪ ਨੂੰ ਹਮੇਸ਼ਾ ਸਾਹਮਣੇ ਰੱਖੇ ਅਤੇ ਉਸ ਅਨੁਸਾਰ ਫਲ ਦੀ ਇੱਛਾ ਕਰੇ ਅਪਣੇ ਅਤੇ ਕਿਸੇ ਪਰਾਏ ਦੇ ਲਈ ਵੀ ਕਰੋਧ ਦਾ ਕਾਰਨ ਨਾ ਬਣੇ"। ॥3॥

## ਤੇਰਹਵਾਂ ਅਧਿਐਨ (ਮੈਤਾਰਿਆ ਭਿਆਲੀ ਅਰਹਤ ਰਿਸ਼ਿ ਭਾਸ਼ਿਤ)

"ਤੁਹਾਡੀ ਸੁੰਦਰਤਾ ਕਿਉਂ ਨਹੀਂ ਹੈ"? ਇਸ ਦੇ ਉੱਤਰ ਵਿੱਚ ਮੈਤਾਰਿਏ, ਭਿਆਲੀ ਅਰਹਤ ਰਿਸ਼ਿ ਇਸ ਪ੍ਰਕਾਰ ਆਖਣ ਲੱਗੇ "ਮੈਂ ਅਪਣੀ ਮੁਕਤੀ ਲਈ ਦੁਸਰਿਆ ਨੂੰ ਨਹੀਂ ਹਰਾਵਾਂਗਾ ਨਹੀਂ! ਨਹੀਂ ਉਹ ਹਾਰੀਆ ਆਦਮੀ ਮੇਰੇ ਲਈ ਬੁਰਾ ਸਾਬਤ ਹੋਵੇਗਾ"।

"ਦੂਸਰੇ ਤੋਂ ਪ੍ਰਭਾਵਿਤ ਹੋਣ ਵਾਲੇ ਵਿਅਕਤੀ ਸੰਸਾਰ ਵਿੱਚ ਰਹਿੰਦੇ ਹੋਏ ਸੰਸਾਰਿਕ ਆਖੇ ਜਾਣ ਵਾਲੇ ਉਪਾਸਕਾਂ ਤੋਂ ਪੁੱਛਦੇ ਹਨ ਕੀ ਤੂੰ ਮੈਨੂੰ ਕਿਉਂ ਮਾਰਨਾ ਚਾਹੁੰਦਾ ਹੈ"? ॥1॥

"ਹਾਜਰ ਵਸਤੂ ਕਦੇ ਨਹੀਂ ਜਾਂਦੀ ਅਤੇ ਅਸਤ ਵਸਤੂ ਵਿੱਚ ਕਮੀ ਨਹੀਂ ਹੁੰਦੀ ਅਰਥਾਤ ਹਾਜ਼ਰ ਵਸਤੂ ਦਾ ਕਾਰਨ ਨਹੀਂ ਹੈ, ਕਿਉਂਕਿ ਅਪਣੇ ਕਾਰਨ ਰਾਹੀਂ ਹੀ ਉਹ ਹੋਂਦ ਵਿੱਚ ਆਈ ਹੈ। ਅਸਤ ਵਸਤੂ ਦਾ ਵੀ ਕੋਈ ਕਾਰਨ ਨਹੀਂ ਹੁੰਦਾ, ਅਕਸਰ ਇਹ ਵੇਖਿਆ ਜਾਂਦਾ ਹੈ ਕਿ ਜਨਮ ਮਰਨ ਅਸਤ ਨਹੀਂ ਹੈ"। ॥2॥

"ਇਹ ਹਾਜ਼ਰੀ ਕਰਮ ਜਨਮ ਮਰਨ ਪ੍ਰੰਪਰਾ ਦੇ ਦੁਆਰ ਦੇ ਰੂਪ ਵਿੱਚ ਜਾਹਰ ਹੈ, ਦੂਸਰਾ ਤਾਂ ਕੇਵਲ ਨਮਿਤ ਕਾਰਨ ਹੀ ਹੈ। ਮੇਰੇ ਸੁਭ ਅਸ਼ੁਭ ਕਰਮਾ ਦੇ ਫਲ ਦੇ ਲਈ, ਮੇਰੇ ਪਿਛਲੇ ਕੀਤੇ ਕਰਮ ਜੁਮੇਵਾਰ ਹਨ"। ॥3॥

"ਜੜ ਨੂੰ ਸਿੰਜਨ ਨਾਲ ਫਲ ਦੀ ਪ੍ਰਾਪਤੀ ਹੁੰਦੀ ਹੈ, ਜੜ ਨਸ਼ਟ ਹੋਣ ਤੇ ਫਲ ਨਸ਼ਟ ਹੋ ਜਾਂਦਾ ਹੈ। ਫਲ ਦਾ ਇੱਛਕ ਜੜ ਸਿੰਜਦਾ ਹੈ ਫਲ ਨੂੰ ਖਤਮ ਕਰਨ ਵਾਲਾ ਜੜ ਨੂੰ ਨਹੀਂ ਸਿੰਜਦਾ"। ॥4॥

"ਜਿਸ ਦਾ ਜੋ ਕਰਮ ਹੁੰਦਾ ਹੈ ਉਹ ਹੀ ਲੁਪਤ ਹੋ ਸਕਦਾ ਹੈ। ਪਰ ਅਸਤ ਦਾ ਲੋਪ ਨਹੀਂ ਹੋ ਸਕਦਾ, ਹਾਜ਼ਰ ਵਸਤੂ ਦਾ ਕਿਸੇ ਮਾਤਰਾ ਵਿੱਚ ਲੋਪ ਹੁੰਦਾ ਹੈ, ਪਰ ਅਸਤ (ਗੈਰ ਹਾਜ਼ਰ) ਵਸਤੂ ਕਦੇ ਲੋਪ ਨਹੀਂ ਹੁੰਦੀ"। ॥5॥

"ਹਾਂ ਵਿੱਚ ਜੇ ਉਹ ਕੁੱਝ ਦਿੰਦਾ ਹੈ ਤਾਂ ਨਾਂਹ ਵਿੱਚ ਵੀ ਕੁੱਝ ਦੇ ਜਾਂਦਾ ਹੈ, ਜੇ ਉਸ ਪਾਸ ਕੁੱਝ ਹੈ ਪਰ ਉਹ ਨਹੀਂ ਦੇ ਰਿਹਾ ਘੱਟੋ ਘੱਟ ਇਨਕਾਰ ਤਾਂ ਕਰ ਦਿੰਦਾ ਹੈ ਭਾਵ ਇਕ ਮਨੁੱਖ ਦਿੰਦਾ ਹੈ ਕਿਉਂਕਿ ਉਸ ਦੇ ਪਾਸ ਕੁੱਝ ਹੈ ਦੂਸਰਾ ਦਿੰਦਾ ਹੈ ਪਰ ਉਹ ਉਸ ਵਸਤੂ ਤੇ ਅਪਣਾ ਅਧਿਕਾਰ ਨਹੀਂ ਮੰਨਦਾ, ਜੇ ਅਧਿਕਾਰ ਰੱਖੇ ਤਾਂ ਉਹ ਦੇ ਨਹੀਂ ਸਕਦਾ ਅਤੇ ਅਧਿਕਾਰ ਨਹੀਂ ਮੰਨਦਾ ਇਸੇ ਲਈ ਤਾਂ ਉਹ ਦਿੰਦਾ ਹੈ"। ॥6॥

ਇਸ ਪ੍ਰਕਾਰ ਮੈਤਾਰਿਆ ਅਰਹਤ ਰਿਸ਼ਿ ਨੇ ਆਖਿਆ।

## ਚੋਦੁਵਾਂ ਅਧਿਐਨ (ਵਾਹੁਕ ਅਰਹਤ ਰਿਸ਼ਿ ਭਾਸ਼ਿਤ)

"ਠੀਕ ਗੱਲ ਵੀ ਜੇ ਕੋਈ ਗਲਤ ਵਿਚਾਰ ਨਾਲ ਹੈ ਤਾਂ ਤੱਥ (ਪ੍ਰਮਾਣ) ਰੂਪ ਨਹੀਂ ਹੈ" ਇਸ ਪ੍ਰਕਾਰ ਵਾਹੁਕ ਅਰਹਤ ਰਿਸ਼ਿ ਨੇ ਆਖਿਆ ਹੈ।

"ਅਪਣੇ ਰਾਹੀਂ ਰਾਜਾ ਅਪਣੇ ਆਪ ਨੂੰ ਕਦੇ ਕਸਨ ਤੇ ਵੀ ਕਸਿਆ ਨਹੀਂ ਅਖਵਾਉਂਦਾ ਪਰ ਇਕ ਸੇਠ ਅਪਣੇ ਆਪ ਨੂੰ ਕਸਨ ਤੇ ਕਸਿਆ ਅਖਵਾਉਂਦਾ ਹੈ"।

"ਇਹ ਅਨੁਯੋਗ ਨੂੰ ਇਸ ਪ੍ਰਕਾਰ ਸਮਝਣਾ ਚਾਹਿਦਾ ਹੈ, "ਪਿੰਡ ਵਿੱਚ ਜੰਗਲ ਵਿੱਚ ਜਾਂ ਦੋਹਾਂ ਦੇ ਦਰਮਿਆਨ ਰਹਿੰਦਾ ਹੋਇਆ ਸ਼੍ਰਮਣ (ਜੈਨ ਸਾਧੂ) ਅਤੇ ਬ੍ਰਾਹਮਣ ਇਸ ਲੋਕ ਵਿੱਚ ਨਿਕਲਦਾ ਹੈ ਅਤੇ ਪਰਲੋਕ ਵਿੱਚ ਪ੍ਰਤਿਸ਼ਠਾ ਪਾਉਂਦਾ ਹੈ ਦੋਹਾ ਲੋਕਾਂ ਵਿੱਚ ਅਪ੍ਰਤਿਸਠਾ ਹੈ ਪਰ ਉਹ ਪੱਕੀ ਨਹੀਂ ਅਤੇ ਹੋਰ ਲੋਕ ਵਿੱਚ ਪ੍ਰਤਿਸ਼ਠਾ ਨਹੀਂ ਪਾਉਂਦਾ ਕਿਉਂਕਿ ਦੋਵੇ ਹੀ ਅਸਾਸਵਤ ਹਨ। ਕਾਮਨਾ ਰਹਿਤ ਵਾਹੁਕ ਨੇ ਅਕਾਮ ਤੱਪ ਕੀਤਾ ਅਕਾਮ ਮੌਤ ਨਾਲ ਮਰ ਕੇ ਪਿਛਲੇ ਕਰਮਾ ਦੇ ਵੱਸ ਹੋਕੇ ਨਰਕ ਵਿੱਚ ਗਿਆ। ਬਾਅਦ ਵਿੱਚ ਜਦੋਂ ਉਹ ਮਨੁਖ ਲੋਕ ਵਿੱਚ ਜਨਮ ਲੈ ਕੇ ਕਾਮਨਾ ਰਹਿਤ ਦਿਖਿਆ ਗ੍ਰਹਿਣ ਕਰਦਾ ਹੈ ਕਾਮਨਾ ਰਹਿਤ ਤੱਪ ਕਰਦਾ ਹੈ ਸਾਰੇ ਅਤੇ ਨਿਸ਼ਕਾਮ ਸਾਧਨ ਕਰਕੇ ਨਿਸ਼ਕਾਮ ਸਿਧੀ ਪ੍ਰਾਪਤ ਕਰਦਾ ਹੈ"।

"ਜੋ ਸਾਧਕ ਕਾਮਨਾ ਰਹਿਤ ਹੋ ਕੇ ਸਾਧੂ ਬਨਦਾ ਹੈ ਅਤੇ ਕਾਮਨਾ ਨੂੰ ਮੁੱਖ ਰੱਖ ਕੇ ਹੀ ਤਪਸਿਆ ਕਰਦਾ ਹੈ ਉਹ ਕਾਮਨਾ ਕਾਰਨ ਨਰਕ ਨੂੰ ਜਾਂਦਾ ਹੈ ਦੂਸਰੇ ਪਾਸੇ ਅਪਣੀ ਇੱਛਾ ਨਾਲ ਤੱਪ ਕਰਕੇ ਅਤੇ ਸਕਾਮ ਮੌਤ ਭਾਵ ਅਪਣੀ ਇੱਛਾ ਨਾਲ ਮੌਤ ਪ੍ਰਾਪਤ ਕਰਕੇ (ਸਮਾਧੀ ਮਰਨ) ਰਾਹੀ ਉਸ ਦੀ ਆਤਮਾ ਸਿੱਧ ਸਥਿਤੀ ਨੂੰ ਪ੍ਰਾਪਤ ਕਰਦਾ ਹੈ"।

# ਪੰਦਰਵਾਂ ਅਧਿਐਨ (ਮਧੂਰਾਜ ਅਰਹਤ ਰਿਸ਼ਿ ਭਾਸ਼ਿਤ)

"ਸਾਤਾ (ਸੁੱਖ ਪੂਰਵਕ) ਦੁਖ ਨਾਲ ਭਰੀਆ ਆਤਮਾ, ਦੁੱਖ ਦੀ ਉਦੀਰਨਾ ਕਰਦਾ ਹੈ? ਜਾਂ ਅਸਾਤਾ (ਦੁੱਖ) ਦੁੱਖ ਨਾਲ ਭਰੀਆ ਦੁਖੀ ਆਤਮਾ ਦੁੱਖ ਦੀ ਉਦੀਰਨਾ ਕਰਦਾ ਹੈ। ਸਾਤਾ ਅਤੇ ਅਸਾਤਾ ਦੁੱਖ ਤੋਂ ਭਰੀਆ ਆਤਮਾ ਦੁੱਖ ਦੀ ਉਦੀਰਨਾ ਨਹੀਂ ਕਰਦਾ। ਸਾਤਾ ਦੁੱਖ ਤੋਂ ਭਰੀਆ ਦੁੱਖੀ ਆਤਮਾ ਦੁੱਖ ਦੀ ਉਦੀਰਨਾ ਕਰਦਾ ਹੈ ਅਸਾਤਾ ਦੁੱਖ ਤੋਂ ਭਰੀਆ ਆਤਮਾ ਦੁੱਖ ਦੀ ਉਦੀਰਨਾ ਕਰਦਾ ਹੈ"। ਪ੍ਰਸ਼ਨ ਅਤੇ ਉੱਤਰ ਇੱਥੇ ਦਿੱਤੇ ਗਏ ਹਨ।

ਪ੍ਰਸ਼ਨ: ਦੁੱਖੀ ਮਨੁਖ ਸ਼ਾਂਤ ਕਸ਼ਟ ਰਹਿਤ ਦੁੱਖ ਦੀ ਉਦੀਰਨਾ ਜਾਂ ਅਸ਼ਾਂਤ ਦੁੱਖ ਦੀ?

ਉੱਤਰ : "ਦੁਖੀ ਮਨੁਖ ਸ਼ਾਂਤ ਦੁੱਖ ਦੀ ਉਦੀਰਨਾ ਕਰਦਾ ਹੈ ਕਿਉਂਕਿ ਉਦੀਰਤ ਦੀ ਉਦੀਰਨਾ ਬੇਅਰਥ ਹੈ। ਸ਼ਾਂਤ ਦੁੱਖ ਤੋਂ ਹੀ ਭਰੀਆ ਮਨੁਖ ਕਰਮਾ ਦੀ ਉਦੀਰਨਾ ਕਰਦਾ ਹੈ ਅਸ਼ਾਂਤ ਦੁੱਖੀ ਦੁੱਖ ਦੀ ਉਦੀਰਨਾ ਨਹੀਂ ਕਰਦਾ ਕਿਉਂਕਿ ਕਰਮਾ ਦੀ ਉਦੀਰਨਾ ਤੋਂ ਹੀ ਉਹ ਦੁੱਖੀ ਹੋਇਆ ਹੈ। ਇਸ ਲਈ ਉਦੀਰਨਾ ਦਾ ਕੋਈ ਪ੍ਰਸ਼ਨ ਨਹੀਂ ਉਠਦਾ" ਅਜਿਹਾ ਮਧੂਰਾਜ ਅਰਹਤ ਰਿਸ਼ਿ ਆਖਦੇ ਹਨ।

"ਦੁੱਖ ਤੋਂ ਮੁਕਤ ਆਤਮਾ ਸੰਸਾਰ ਵਿੱਚ ਫਿਰ ਆਉਂਦਾ ਹੈ ਅਤੇ ਉਸ ਦਾ ਹੱਥ ਪੈਰ ਛੇਦਣ ਹੁੰਦਾ ਹੈ। (ਬਾਕੀ ਦਾ ਭਾਵ ਨੋਵੇਂ ਅਧਿਐਨ ਦੀ ਤਰ੍ਹਾਂ ਸਮਝਣਾ ਚਾਹਿਦਾ ਹੈ) ਭਾਵ ਸਾਸ਼ਵਤ ਨਿਰਵਾਨ ਪ੍ਰਾਪਤ ਕਰਦਾ ਹੈ ਵਿਸ਼ੇਸ਼ ਤੋਰ ਤੇ ਜੀਵ ਦੀ ਕਰਮ ਦਸ਼ਾ ਨੂੰ ਦੁੱਖਾਂ ਦਾ ਮੂਲ ਦੱਸਿਆ ਗਿਆ ਹੈ ਇਹ ਦੁੱਖੀ ਆਤਮਾ ਦਾ ਵਰਨਣ ਹੈ"।

"ਸੰਸਾਰ ਦੇ ਸਾਰੇ ਦੇਹ ਧਾਰੀ ਦਾ ਜਨਮ ਮਰਨ ਦਾ ਮੂਲ ਪਾਪ ਹੈ ਅਤੇ ਸਾਰੇ ਦੁੱਖਾਂ ਦੀ ਸ਼੍ਰਿਸ਼ਟੀ ਵੀ ਪਾਪ ਮੂਲ਼ਕ ਹੀ ਹੈ। ਜਨਮ ਅਤੇ ਸ਼ਬਦ ਰਾਹੀਂ ਗ੍ਰਹਿਣ ਮੌਤ ਪਾਪ ਮੂਲ਼ ਹੈ"। ॥1॥

"ਸੰਸਾਰ ਵਿੱਚ ਦੁੱਖ ਦਾ ਮੂਲ਼ ਪਿਛਲੇ ਜਨਮ ਦੇ ਪਾਪ ਹਨ। ਕਰਮ ਦੇ ਨਿਰੋਧ (ਰੋਕਨਾ) ਦੇ ਲਈ ਭਿਕਸ਼ੂ ਸਹੀ ਢੰਗ ਨਾਲ ਜੀਵਨ ਗੁਜਾਰੇ"। ॥2॥

"ਦਰਖਤ ਦੇ ਤਨੇ ਦਾ ਸਦਭਾਵ ਹੋਣ ਤੇ ਬੇਲ ਉਸ ਤੇ ਜ਼ਰੂਰ ਚੜ੍ਹੇਗੀ। ਬੀਜ ਦੇ ਵਿਕਸ਼ਤ ਹੋਣ ਤੇ ਅੰਕੁਰਾਂ ਦੀ ਸੰਪਤੀ ਜਰੂਰ ਆਵੇਗੀ"। ॥3॥

"ਪਾਪ ਦਾ ਸਦਭਾਵ ਹੋਣ ਤੇ ਨਿਸ਼ਚਤ ਹੀ ਉਸ ਵਿੱਚੋਂ ਦੁੱਖਾਂ ਦੀ ਉਤਪਤੀ ਹੋਵੇਗੀ। ਮਿੱਟੀ ਤੋਂ ਬਿਨਾ ਘੜੇ ਦਾ ਨਿਰਮਾਨ ਸੰਭਵ ਨਹੀਂ ਮਿਟੀ ਹੈ, ਤਾਂ ਘੜਾ ਉਤਪਨ ਹੋ ਸਕਦਾ ਹੈ ਇਸੇ ਪ੍ਰਕਾਰ ਪਾਪ ਹੈ ਤਾਂ ਦੁੱਖਾਂ ਦੀ ਸ੍ਰਿਸ਼ਟੀ ਹੈ"। ॥4॥

"ਜਿਵੇਂ ਕੰਧ ਦੀ ਹੋਂਦ ਤੋਂ ਬੇਲ ਪੈਦਾ ਹੁੰਦੀ ਹੈ ਅਤੇ ਬੀਜ ਤੋਂ ਅੰਕੁਰ ਫੁਟਦਾ ਹੈ ਇਸੇ ਪ੍ਰਕਾਰ ਪਾਪ ਰੂਪੀ ਬੇਲ ਤੋਂ ਦੁੱਖ ਫੁਟਦੇ ਹਨ"। ॥5॥

"ਜਿਵੇਂ ਫੁਲ ਕੁਚਲ ਦੇਣ ਤੇ ਫਲ ਅਪਣੇ ਆਪ ਨਸ਼ਟ ਹੋ ਜਾਂਦਾ ਹੈ। ਇਸੇ ਪ੍ਰਕਾਰ ਪਾਪ ਨੂੰ ਨਸ਼ਟ ਕਰ ਦੇਣ ਤੇ ਦੁੱਖ ਵੀ ਨਸ਼ਟ ਹੋ ਜਾਂਦਾ ਹੈ। ਸੂਈ ਦੇ ਰਾਹੀਂ ਤਾੜ ਦਰਖਤ ਦੇ ਉਪਰਲੇ ਭਾਗ ਨੂੰ ਬਿੰਨ੍ਹ ਦਿਤਾ ਜਾਵੇ ਤਾਂ ਫਿਰ ਤਾੜ ਦਰਖਤ ਦਾ ਵਿਨਾਸ਼ ਨਿਸ਼ਚਿਤ ਹੈ"। ॥6॥

"ਜੜ ਦੇ ਸਿੰਜਨ ਨਾਲ ਫਲ ਪ੍ਰਾਪਤ ਹੁੰਦਾ ਹੈ ਅਤੇ ਜੜ ਨੂੰ ਨੁਕਸਾਨ ਪਹੁੰਚਾਉਣ ਨਾਲ ਫਲ ਅਪਣੇ ਆਪ ਨਸ਼ਟ ਹੋ ਜਾਂਦਾ ਹੈ। ਫਲ ਦਾ ਇੱਛਕ ਫੁਲ ਨੂੰ ਸਿੰਜਦਾ ਹੈ ਫਲ ਨੂੰ ਨੁਕਸਾਨ ਕਰਨ ਵਾਲਾ ਜੜ ਨੂੰ ਨਹੀਂ ਸਿੰਜਦਾ"। ॥7॥

"ਦੁੱਖ ਨੂੰ ਮਹਿਸੂਸ ਕਰਦੇ ਹੋਏ ਦੁੱਖੀ ਦੇਹ ਧਾਰੀ ਦੁੱਖ ਦਾ ਨਾਸ਼ ਚਾਹੁੰਦਾ ਹੈ ਪਰ ਇੱਕ ਦੁੱਖ ਦੇ ਨਾਸ਼ ਕਰਨ ਤੇ ਨਵੇਂ ਦੁੱਖ ਨੂੰ ਜਨਮ ਦਿੰਦਾ ਹੈ"। ॥8॥

"ਆਤਮਾ ਦੁੱਖ ਦੇ ਬੀਜ ਨੂੰ ਪਹਿਲਾਂ ਬੀਜਦਾ ਹੈ ਫਿਰ ਦੁੱਖ ਪ੍ਰਾਪਤ ਕਰਕੇ ਸੋਗ ਕਰਦਾ ਹੈ। ਪਹਿਲਾਂ ਲਏ ਕਰਜੇ ਨੂੰ ਮੋੜੇ ਬਿਨਾ ਜੀਵ ਦੀ ਮੁਕਤੀ ਨਹੀਂ ਹੋ ਸਕਦੀ"। ॥9॥

"ਜੇ ਭੁੱਖਾ ਬਾਲਕ ਅੱਗ ਅਤੇ ਸੱਪ ਨੂੰ ਫੜਦਾ ਹੈ ਤਾਂ ਉਹ ਸੰਕਟ ਨੂੰ ਬੁਲਾਵਾ ਦਿੰਦਾ ਹੈ ਇਸੇ ਪ੍ਰਕਾਰ ਸੁੱਖ ਚਾਹੁਣ ਵਾਲਾ ਅਗਿਆਨੀ ਆਤਮਾ ਨਵੇਂ ਪਾਪ ਕਰਦਾ ਹੈ"। ॥10॥

"ਜੱਦ ਮੋਹ ਵਿੱਚ ਫੰਸਿਆ ਆਤਮਾ ਦੂਸਰੇ ਦੀ ਹਾਨੀ ਲਈ ਪਾਪ ਕਰਦਾ ਹੈ ਉਸ ਸਮੇਂ ਉਹ ਆਨੰਦ ਅਨੁਭਵ ਕਰਦਾ ਹੈ। ਮੱਛੀ ਆਟੇ ਦੀ ਗੋਲੀ ਗਲੇ ਵਿੱਚ ਉਤਾਰਦੇ ਹੋਏ ਤਾਂ ਆਨੰਦ ਮਹਿਸੂਸ ਕਰਦੀ ਹੈ। ਪਰ ਉਸ ਪਿੱਛੇ ਛੁਪੀ ਮੌਤ ਨੂੰ ਨਹੀਂ ਵੇਖਦੀ"। ॥11॥

"ਮੋਹ ਰੂਪੀ ਪਹਿਲਵਾਨ ਤੋਂ ਪ੍ਰੇਰਤ ਆਤਮਾ ਪ੍ਰਾਪਤ ਭੋਗ ਦੇ ਆਨੰਦ ਵਿੱਚ ਡੁਬੀਆਂ ਰਹਿੰਦਾ ਹੈ ਅਤੇ ਪਾਣੀ ਵਿੱਚ ਬੈਠੇ ਹਾਥੀ ਦੀ ਤਰ੍ਹਾਂ ਉਹ ਘੋਰ ਉਤੇਜਨਾ ਨੂੰ ਪ੍ਰਾਪਤ ਕਰਦਾ ਹੈ। ਦਰਪ ਰੂਪ ਮੋਹ ਪਹਿਲਵਾਨ ਤੋਂ ਉਤੇਜਿਤ ਹੋਈਆ ਵਿਅਕਤੀ ਦੂਸਰੇ ਦਾ ਘਾਤ ਕਰਕੇ ਖੁੱਸ਼ ਹੁੰਦਾ ਹੈ। ਜਿਵੇਂ ਬੁਢਾ ਸ਼ੇਰ ਪਾਗਲ ਹੋਇਆ ਅਪਣਾ ਵਿਵੇਕ ਖੋ ਬੈਠਦਾ ਹੈ ਅਤੇ ਕਮਜੋਰ ਜਾਨਵਰਾਂ ਦੀ ਹਿੰਸਾ ਕਰਦਾ ਹੈ। ਇਸੇ ਪ੍ਰਕਾਰ ਮੋਹ ਵਿੱਚ ਫੰਸੀਆਂ ਮਨੁੱਖ ਗੁਣ ਦੋਸ਼ ਦਾ ਵਿਵੇਕ ਭੁਲ ਜਾਂਦਾ ਹੈ"। ॥12-13॥

"ਪਿਛਲੇ ਕੀਤੇ ਪਾਪਾਂ ਦੇ ਵੱਸ ਹੋਕੇ ਬੁਰੀ ਬੁੱਧੀ ਵਾਲਾ ਆਤਮਾ ਦੁੱਖ ਦਾ ਅਨੁਭਵ ਕਰਦਾ ਹੈ ਅਤੇ ਗੁੜੇ ਪਾਪ ਵਿੱਚ ਫੰਸਨ ਵਾਲਾ ਕਸ਼ਟਾਂ ਅਤੇ ਮੁਸੀਬਤਾਂ ਦੀ ਧਾਰ ਵਿੱਚ ਅਪਣੇ ਆਪ ਨੂੰ ਛੱਡ ਦਿੰਦਾ ਹੈ"। ॥14॥

"ਸੁੱਖ ਦਾ ਇਛੁੱਕ ਆਤਮਾ ਸੁੱਖ ਦੇ ਲਈ ਪਾਪ ਕਰਦਾ ਹੈ। ਜਿਵੇਂ ਕਰਜਾ ਲੈਣ ਵਾਲੇ ਦਾ ਕਰਜਾ ਵੱਧਦਾ ਹੀ ਜਾਂਦਾ ਹੈ ਮੋੜਦਾ ਨਹੀਂ। ਉਸੇ ਪ੍ਰਕਾਰ ਸੁੱਖ ਦਾ ਇਛੁਕ ਆਤਮਾ ਪਾਪ ਵੱਲ ਵੱਧਦਾ ਜਾਂਦਾ ਹੈ"। ॥15॥

"ਜੋ ਕੇਵਲ ਵਰਤਮਾਨ ਵਿੱਚ ਸੁੱਖ ਖੋਜਦਾ ਹੈ, ਉਹ ਸੁੱਖ ਨਾਲ ਬੰਨ੍ਹੀ ਦੁੱਖ ਪ੍ਰੰਪਰਾ ਨੂੰ ਨਹੀਂ ਜਾਂਦਾ, ਅਜਿਹਾ ਆਤਮਾ ਬਾਅਦ ਵਿੱਚ ਉਸੇ ਪ੍ਰਕਾਰ ਦੁੱਖ ਪਾਉਂਦਾ ਹੈ ਜਿਸ ਪ੍ਰਕਾਰ ਮੱਛੀ ਆਟੇ ਦੀ ਗੋਲੀ ਦੇ ਲਾਲਚ ਵਿੱਚ ਦੁੱਖ ਭੋਗਦੀ ਹੈ"। ॥16॥

"ਆਤਮਾ ਹੀ ਕਰਮਾ ਦਾ ਕਰਤਾ ਹੈ ਅਤੇ ਆਤਮਾ ਹੀ ਕਰਮਾਂ ਦਾ ਭੋਗਨ ਵਾਲਾ ਹੈ ਇਸ ਲਈ ਮੁਨੀ ਆਤਮਾ ਨੂੰ ਉੱਚ ਅਵਸਥਾ ਦੀ ਪ੍ਰਾਪਤੀ ਲਈ ਪਾਪ ਕਰਮ ਨੂੰ ਛੱਡ ਦੇਵੇ"। ॥17॥

"ਜਨਮ ਦੇ ਕਾਰਨ ਬਿਮਾਰੀ, ਸੋਗ ਅਤੇ ਦੁੱਖ ਦਾ ਵਾਧਾ ਆਦਿ ਦੁੱਖ ਪੈਦਾ ਹੁੰਦੇ ਹਨ। ਜਨਮ ਦੀ ਅਨਹੋਂਦ ਹੋਣ ਤੇ ਸਾਰੇ ਸੰਕਟ ਸਮਾਪਤ ਹੋ ਜਾਂਦੇ ਹਨ। ਜੇ ਅੱਗ ਵਿੱਚ ਜਲਨ ਯੋਗ ਪਦਾਰਥ ਦੀ ਅਨਹੋਂਦ ਹੈ ਤਾਂ ਅੱਗ ਕਿਸ ਨੂੰ ਜਲਾਏਗੀ ਭਾਵ ਅੱਗ ਦੀ ਅਨਹੋਂਦ ਹੈ ਤਾਂ ਉਹ ਜਲਾਏਗੀ ਵੀ ਨਹੀਂ ਅਤੇ ਜੇ ਦਰਖਤ ਨੂੰ ਕੱਟਨ ਵਾਲਾ ਮਨੁੱਖ ਕੋਈ ਨਹੀਂ ਤਾਂ ਇਕਲੀ ਕੁਲਹਾੜੀ ਦਰਖਤ ਨੂੰ ਨਹੀਂ ਕੱਟ ਸਕਦੀ"। ॥18॥

"ਦੁੱਖ, ਬੁਢਾਪਾ, ਸੋਗ, ਮਾਨ ਅਤੇ ਅਪਮਾਨ ਇਹ ਸੱਭ ਉਸੇ ਸਮੇਂ ਸਮਾਪਤ ਹੋ ਜਾਂਦੇ ਹਨ ਜੱਦੋਂ ਜਨਮ ਸਮਾਪਤ ਹੋ ਜਾਂਦਾ ਹੈ। ਜਿਵੇਂ ਫੁੱਲ ਨੂੰ ਨਸ਼ਟ ਕਰਨ ਨਾਲ ਫਲ ਆਪੇ ਨਸ਼ਟ ਹੋ ਜਾਂਦਾ ਹੈ"। ॥19॥

"ਪੱਥਰ ਦੀ ਚੋਟ ਤੋਂ ਜਖਮੀ ਕੁੱਤਾ ਪੱਥਰ ਨੂੰ ਹੀ ਕੱਟਦਾ ਹੈ। ਜੱਦ ਕਿ ਸ਼ੇਰ ਨੂੰ ਤੀਰ ਲੱਗਦਾ ਹੈ ਤਾਂ ਉਹ ਤੀਰ ਨੂੰ ਛੱਡ ਕੇ ਤੀਰ ਛੱਡਨ ਵਾਲੇ ਵੱਲ ਭੱਜਦਾ ਹੈ ਇਸੇ ਪ੍ਰਕਾਰ ਅਗਿਆਨ ਸ਼ੀਲ ਆਤਮਾ ਕਸ਼ਟ ਦੇ ਆਉਂਣ ਤੇ ਬਾਹਰਲੇ ਪਦਾਰਥਾਂ ਉੱਪਰ ਗੁੱਸਾ ਕਰਦਾ ਹੈ। ਪਰ ਸ਼ੇਰ ਦੀ ਤਰ੍ਹਾਂ ਦੁੱਖ ਉਤਪਤੀ ਦੇ ਕਾਰਨ ਨੂੰ ਨਸ਼ਟ ਕਰਨ ਦੀ ਕੋਸ਼ਿਸ ਨਹੀਂ ਕਰਦਾ"। ॥20-21॥

"ਵਰਨ, ਅਗਨੀ, ਕਸ਼ਾਏ ਅਤੇ ਹੋਰ ਜੋ ਵੀ ਭੈੜੇ ਕੰਮਾਂ ਕਰਕੇ ਬਿਮਾਰੀਆਂ ਨੂੰ ਢੋਹਨ ਵਾਲੇ ਮਨੁੱਖ ਮਹਾਨ ਦੁੱਖ ਪ੍ਰਾਪਤ ਕਰਦੇ ਹਨ"। ॥22॥

"ਅੱਗ ਚਾਰ ਪ੍ਰਕਾਰ ਦੀ ਹੈ, 1. ਕਰਜੇ ਦੀ ਅੱਗ 2. ਕਰਮਾਂ ਦੀ ਅੱਗ 3. ਬਿਮਾਰੀ ਦੀ ਅੱਗ 4. ਜੰਗਲ ਦੀ ਅੱਗ, ਦੁੱਖ ਦੀ ਜੜ ਨੂੰ ਸੰਪੂਰਨ ਰੂਪ ਵਿੱਚ ਨਸ਼ਟ ਕਰਨਾ ਚਾਹਿਦਾ ਹੈ। ਕਿਉਂਕਿ ਉਪਰੋ ਕੱਟਨ ਨਾਲ ਦਰਖਤ ਫੇਰ ਨਵੇਂ ਸਿਰੇ ਤੋਂ ਹਰਾ ਹੋ ਜਾਂਦਾ ਹੈ"। ॥23॥

"ਸੁਆਹ ਨਾਲ ਢਕੀ ਅੱਗ ਅਤੇ ਕਰੋਧੀ ਸਤਰੂ (ਦੁਸ਼ਮਣ) ਜਿਵੇਂ ਛੁੱਪ ਕੇ ਵਾਰ ਕਰਦੇ ਹਨ ਉਸੇ ਪ੍ਰਕਾਰ ਪਾਪ ਕਰਮਾਂ ਵਿੱਚ ਦੁੱਖ ਦੀ ਪ੍ਰੰਪਰਾ ਅਤੇ ਸੰਕਟ ਛਿਪੇ ਰਹਿੰਦੇ ਹਨ"। ॥24॥

"ਅੱਗ ਨੂੰ ਜੱਦ ਭਾਰੀ ਮਾਤਰਾ ਵਿੱਚ ਬਾਲਨ ਪ੍ਰਾਪਤ ਹੋ ਜਾਂਦਾ ਹੈ। ਜ਼ਹਿਰ ਜਦ ਫੈਲ ਜਾਂਦਾ ਹੈ ਅਤੇ ਕਰਮ ਜਦ ਮਿਥਿਆਤਵ ਵਿੱਚ ਪ੍ਰਵੇਸ਼ ਕਰਦਾ ਹੈ ਤਾਂ ਤਿੰਨੋ ਤੇਜ ਹੋ ਜਾਂਦੇ ਹਨ ਇਹੋ ਵਾਧਾ ਆਤਮਾ ਦੇ ਲਈ ਦੁੱਖ ਰੂਪ ਹੁੰਦਾ ਹੈ"। ॥25॥

"ਧੂੰਏ ਰਹਿਤ ਅੱਗ, ਆਦਾਨ ਅਰਥਾਤ ਲੈਣਾ ਬੰਦ ਕਰ ਦਿਤਾ ਗਿਆ ਹੈ। ਅਜਿਹਾ ਕਰਜਾ ਅਤੇ ਮੰਤਰ ਵਾਲਾ ਜ਼ਹਿਰ ਜਿਸ ਪ੍ਰਕਾਰ ਸਮਾਪਤ ਹੋ ਜਾਂਦਾ ਹੈ ਉਸੇ ਪ੍ਰਕਾਰ ਜੱਦ ਕਰਮ ਦਾ ਗ੍ਰਹਿਣ ਜਾਂ ਅਸ਼ੁਭ ਸਮਾਪਤ ਹੋ ਜਾਂਦਾ ਹੈ ਤੱਦ ਕਰਮ ਵੀ ਨਿਰਜਰਾ ਵਾਲਾ ਹੋ ਜਾਂਦਾ ਹੈ। ਜਿਵੇਂ ਸੂਰਜ ਦੀਆਂ ਤੇਜ ਕਿਰਨਾ ਨਾਲ ਪਾਣੀ ਗਰਮ ਹੋ ਜਾਂਦਾ ਹੈ ਅਤੇ ਕਿਰਨਾ ਦਾ ਆਸਰਾ ਖਤਮ ਹੋਣ ਤੇ ਉਹ ਅਪਣੇ ਅਸਲ ਰੂਪ ਵਿੱਚ ਆ ਕੇ ਕੁਦਰਤੀ ਠੰਢਾਪਨ ਪ੍ਰਾਪਤ ਕਰ ਲੈਂਦਾ ਹੈ। ਇਸੇ ਪ੍ਰਕਾਰ ਕਰਮ ਦੇ ਸੰਯੋਗ ਨਾਲ ਆਤਮਾ ਵਿਭਾਵ ਦਿਸ਼ਾ ਵਿੱਚ ਆ ਕੇ ਘੁੰਮਦਾ ਹੈ। ਕਰਮ ਤੋਂ ਛੁਟਕਾਰਾ ਹੁੰਦੇ ਹੀ ਉਹ ਅਪਣੇ ਸੁਭਾਵ ਵਿੱਚ ਸਥਿਤ ਹੋ ਕੇ ਸਹਿਜ ਰੂਪ ਪ੍ਰਾਪਤ ਕਰ ਲੈਂਦਾ ਹੈ"। ॥26-27॥

"ਇਸ ਲਈ ਸਾਧੂ ਸਾਰੇ ਦੁੱਖਾਂ ਦੇ ਮੂਲ ਜੜ ਨੂੰ ਸਮਾਪਤ ਕਰੇ ਜਿਵੇਂ ਸਪੇਰਾ ਤੱਪ ਦੇ ਜ਼ਹਿਰ ਨੂੰ ਦੂਰ ਕਰਦਾ ਹੈ"। ॥28॥

## ਸੋਲ੍ਹਵਾਂ ਅਧਿਐਨ (ਸੋਰੀਯਾਯਣ ਅਰਹਤ ਰਿਸ਼ਿ ਭਾਸ਼ਿਤ)

"ਜੋ ਇੰਦਰੀਆਂ ਦਾ ਗੁਲਾਮ ਨਹੀਂ ਅਤੇ ਵਿਸ਼ੇ ਵਿਕਾਰਾਂ ਵੱਲ ਨਹੀਂ ਭੱਜਦਾ ਉਹ ਹੀ ਆਤਮਾ ਸ਼੍ਰੇਸ਼ਠ ਹੈ" ਇਸ ਪ੍ਰਕਾਰ ਸੋਰੀਯਾਯਣ ਅਰਹਤ ਰਿਸ਼ਿ ਨੇ ਆਖਿਆ ਹੈ।

"ਪਰੀਸਤਰਵਨ (ਬਹਾਵ) ਇਸ ਪ੍ਰਕਾਰ ਹੁੰਦਾ ਹੈ"। ਇਸ ਦੇ ਉੱਤਰ ਵਿੱਚ ਅਰਹਤ ਰਿਸ਼ਿ ਆਖਦੇ ਹਨ "ਕੀ ਜੋ ਸ਼ਰੋਤ (ਸੁਨਣ) ਵਿਸ਼ੇ ਤੋਂ ਪ੍ਰਾਪਤ ਚੰਗੇ ਸ਼ਬਦਾਂ ਪ੍ਰਤੀ ਲਗਾਉ ਨਾ ਰੱਖੇ, ਨਾ ਉਹਨਾਂ ਵਿੱਚ ਫੰਸੇ, ਨਾ ਉਹਨਾਂ ਮਿੱਠੇ ਸ਼ਬਦਾਂ ਪ੍ਰਤੀ ਉਲਝੇ। ਇਹਨਾਂ ਸ਼ਬਦਾਂ ਰਾਹੀਂ ਸਾਧੂ ਅਪਣੀ ਸੁਭਾਵ ਸਥਿਤੀ ਵਿੱਚ ਵਿਭਾਵ ਘਾਤ ਦਾ ਅਨੁਭਵ ਨਾ ਕਰੇ, ਸੁਨਣ ਦੇ ਵਿਸ਼ੇ ਤੋਂ ਪ੍ਰਾਪਤ ਸ਼ਬਦਾਂ ਪ੍ਰਤੀ ਆਸਕਤੀ, ਵਿਰਕਤੀ ਅਤੇ ਉਲਝਾ ਨੂੰ ਅਨੁਭਵ ਕਰਦਾ ਹੋਇਆ ਚੰਗੇ ਤੇ ਸੁੰਦਰ ਮਨ ਵਾਲਾ ਸਾਧੂ, ਮਨ ਤੋਂ ਉਹਨਾ ਸ਼ਬਦਾਂ ਦਾ ਸੇਵਨ ਕਰਦਾ ਹੋਇਆ, ਉਸ ਦੀ ਮਿਠਾਸ ਤੇ ਰਸ ਵਿੱਚ ਬਹਿੰਦਾ ਹੋਇਆ ਪਾਪ ਕਰਮ ਗ੍ਰਹਿਣ ਕਰਦਾ ਹੈ ਇਸ ਲਈ ਸਾਧੂ ਸੁਨਣ ਸੰਬੰਧੀ ਵਿਸ਼ੇ ਤੋਂ ਪ੍ਰਾਪਤ ਚੰਗੇ ਜਾਂ ਬੁਰੇ ਸ਼ਬਦਾਂ ਪ੍ਰਤੀ ਆਸਕਤ ਨਾ ਹੋਵੇ, ਅਨੁਰਕਤ ਨਾ ਹੋਵੇ ਨਾ ਹੀ ਉਹਨਾਂ ਦਾ ਲਾਲਚੀ ਬਣੇ ਇਸੇ ਪ੍ਰਕਾਰ ਚੰਗੇ ਮਨ ਵਾਲਾ ਸਾਧੂ ਰੂਪ, ਗੰਧ, ਰਸ ਅਤੇ ਸ਼ਪਰਸ ਵਿੱਚ ਮਨ ਨੂੰ ਨਾ ਝੁਕਾਉਣ ਵਾਲਾ ਅਤੇ ਅੰਸ਼ ਮਾਤਰ ਵੀ ਰਾਗ ਨੂੰ ਮਹਿਸੂਸ ਨਾ ਕਰੇ ਅਤੇ ਨਾ ਚੰਗੇ ਲੱਗਣ ਵਾਲੇ ਰੂਪ ਆਦਿ ਵਿਸ਼ਿਆਂ ਪ੍ਰਤੀ ਦਵੇਸ਼ ਨਾ ਕਰੇ"।

"ਦੇਹ ਧਾਰੀਆਂ ਦੀ ਦੁਰ ਗਤੀ ਦਾ ਕਾਰਨ ਪੰਜ ਇੰਦਰੀਆਂ ਸੰਸਾਰ ਦਾ ਕਾਰਨ ਬਣਦੀਆਂ ਹਨ। ਉਹਨਾਂ ਦੀ ਅਨਹੋਂਦ ਹੀ ਮੋਕਸ਼ ਦਾ ਕਾਰਨ ਬਣਦੀ ਹੈ"। ॥1॥

"ਰਾਗ ਅਤੇ ਦਵੇਸ਼ ਚੇਤਨਾ ਵਿੱਚ ਰੁਝੀਆਂ ਪੰਜ ਇੰਦਰੀਆਂ ਨਾ ਜਿਤਨ ਯੋਗ ਬਣਦੀਆਂ ਹਨ। ਇਸ ਲਈ ਕਿਸੇ ਕਿਸਮ ਦਾ ਸ਼ੱਕ ਹੋਣ ਤੇ ਜਿਵੇਂ ਕੱਛੂ ਅਪਣੇ ਅੰਗ

ਇਕਠੇ ਕਰ ਲੈਂਦਾ ਹੈ ਇਸੇ ਪ੍ਰਕਾਰ ਸਾਧੂ ਆਸ਼ਰਵ ਆਤਮਾ ਵੱਲ ਇੰਦਰੀਆਂ ਦਾ ਸੰਜਮ ਕਰੇ"। ॥2॥

"ਜਿਵੇਂ ਅੱਗ, ਭੋਜਨ ਅਤੇ ਸ਼ਰੀਰ ਨੂੰ ਠੀਕ ਥਾਂ ਤੇ ਜੋੜਦੀ ਹੈ ਇਸੇ ਪ੍ਰਕਾਰ ਇੰਦਰੀਆਂ ਬਾਹਰਲੇ ਪਦਾਰਥਾਂ ਨੂੰ ਆਤਮਾ ਨਾਲ ਜੋੜਦੀਆਂ ਹਨ ਅਤੇ ਯੋਗ ਨੂੰ ਕ੍ਰਿਆਵਾਨ ਬਣਾਉਂਦੀਆਂ ਹਨ"। ॥3॥

ਇਸ ਪ੍ਰਕਾਰ ਸੋਰੀਯਾਯਣ ਅਰਹਤ ਰਿਸ਼ਿ ਨੇ ਆਖਿਆ ਹੈ।

# ਸਤਾਰ੍ਹਵਾਂ ਅਧਿਐਨ (ਬਿਦੂ ਅਰਹਤ ਰਿਸ਼ਿ ਭਾਸ਼ਿਤ)

"ਉਹ ਵਿਦਿਆ ਮਹਾਂ ਵਿਦਿਆ ਹੈ ਅਤੇ ਸਾਰੀਆਂ ਵਿਦਿਆਵਾਂ ਵਿੱਚ ਸ਼੍ਰੇਸ਼ਠ ਹੈ ਜਿਸ ਦੀ ਸਾਧਨਾ ਨਾਲ ਆਤਮਾ ਸਾਰੇ ਦੁਖਾਂ ਤੋਂ ਮੁਕਤ ਹੋ ਜਾਂਦਾ ਹੈ"। ॥1॥

"ਜਿਸ ਦੇ ਰਾਹੀਂ ਆਤਮਾ ਦੇ ਬੰਧ (ਕਰਮ ਬੰਧਨ) ਅਤੇ ਮੋਕਸ਼ਗਤੀ ਅਤੇ ਅਗਤੀ ਦਾ ਗਿਆਨ ਹੁੰਦਾ ਹੈ ਅਤੇ ਜਿਸ ਰਾਹੀਂ ਆਤਮਭਾਵ ਦਾ ਬੋਧ ਹੁੰਦਾ ਹੈ, ਉਹ ਹੀ ਵਿਦਿਆ ਦੁਖਾਂ ਤੋਂ ਮੁਕਤ ਕਰਨ ਦੇ ਯੋਗ ਹੈ"। ॥2॥

ਬਿੰਦੂ ਅਰਹਤ ਰਿਸ਼ਿ ਇਸ ਪ੍ਰਕਾਰ ਆਖਦੇ ਹਨ, "ਰੋਗ ਮੁਕਤੀ ਦੇ ਲਈ ਸਭ ਤੋਂ ਪਹਿਲਾਂ ਰੋਗ ਦਾ ਗਿਆਨ ਹੋਣਾ ਚਾਹਿਦਾ ਹੈ। ਉਸ ਤੋਂ ਬਾਅਦ ਹੀ ਇਲਾਜ ਸੰਭਵ ਹੈ ਨਾਲ ਹੀ ਰੋਗ ਦੀ ਦਵਾਈ ਦੀ ਪਹਿਚਾਨ ਵੀ ਜ਼ਰੂਰੀ ਹੈ। ਤੱਦ ਹੀ ਉਸ ਰੋਗ ਦਾ ਇਲਾਜ ਸੰਭਵ ਹੈ। ਇਸੇ ਪ੍ਰਕਾਰ ਇਹੋ ਗੱਲ ਕਰਮ ਤੋਂ ਮੁਕਤੀ ਲਈ ਹੈ। ਪਹਿਲਾਂ ਸਹੀ ਰੂਪ ਵਿੱਚ ਕਰਮ ਦਾ ਗਿਆਨ ਹੋਣਾ ਜ਼ਰੂਰੀ ਹੈ ਬਾਅਦ ਵਿੱਚ ਮੋਕਸ਼ ਦਾ ਗਿਆਨ ਜ਼ਰੂਰੀ ਹੈ। ਕਰਮ ਅਤੇ ਮੋਕਸ਼ ਦਾ ਗਿਆਨ ਅਤੇ ਉਸ ਦਾ ਆਚਰਨ ਆਤਮਾ ਨੂੰ ਕਰਮ ਮੁਕਤ ਬਣਾ ਦਿੰਦਾ ਹੈ"। ॥3-4॥

"ਜੋ ਮਮਤਾ ਅਤੇ ਕੰਡੇ ਨਾਲ ਭਰੇ ਜੀਵ ਨੂੰ ਜਾਨਦਾ ਹੈ ਅਤੇ ਦੂਸਰੇ ਦੇ ਮੋਹ ਨੂੰ ਜਾਨਦਾ ਹੈ। ਉਹ ਕੰਡੇ ਨੂੰ ਨਸ਼ਟ ਕਰਨ ਯੋਗ ਢੰਗ ਨੂੰ ਜਾਨਦਾ ਹੈ। ਉਹ ਹੀ ਕਰਮ ਰੂਪੀ ਕੰਡੇ ਦਾ ਨਾਸ਼ ਕਰ ਸਕਦਾ ਹੈ"। ॥5॥

"ਆਤਮਾ ਦੇ ਬੰਧਨ ਅਤੇ ਮੋਕਸ਼ ਨੂੰ ਅਤੇ ਇਸ ਫਲ ਦੀ ਪ੍ਰੰਪਰਾ ਨੂੰ ਜੋ ਜਾਨਦਾ ਹੈ। ਉਹ ਹੀ ਕਰਮ ਰੂਪੀ ਸੰਗਲਾਂ ਨੂੰ ਤੋੜ ਸਕਦਾ ਹੈ"। ॥6॥

"ਪਾਪਕਾਰੀ ਯੋਗ (ਮਨ, ਬਚਨ ਅਤੇ ਸ਼ਰੀਰ) ਨੂੰ ਜਾਣ ਕੇ ਉਸ ਦਾ ਸਹੀਂ ਢੰਗ ਨਾਲ ਗਿਆਨ ਕਰਕੇ, ਬਿਤੇ ਸਮੇਂ ਦੀ ਨਿੰਦਾ ਕਰਨ ਦੇ ਲਈ ਆਤਮਾ, ਪਾਪਕਾਰੀ ਵਿਰਤੀ ਪ੍ਰਤੀ ਸ਼ਰਧਾ ਨਾ ਕਰੇ"। ॥7॥

"ਧਿਆਨ ਵਿੱਚ ਲੱਗਾ ਇੰਦਰੀਆਂ ਦਾ ਜੇਤੂ ਆਤਮਾ ਸੰਸਾਰ ਨੂੰ ਸਭ ਪ੍ਰਕਾਰ ਨਾਲ ਜਾਣ ਕੇ ਪਾਪਕਾਰੀ ਵਿਰਤੀ ਨੂੰ ਛੱਡਕੇ ਚੰਗੀ ਵਿਰਤੀ ਸਵਿਕਾਰ ਕਰੇ"। ॥8॥

"ਪਰਾਈ ਵਿਰਤੀ ਸਾਰੇ ਪਾਪਯੋਗ ਹੈ। ਇਹ ਜਾਣ ਲੈਣ ਤੋਂ ਬਾਅਦ ਸਾਧੂ ਮਾੜੇ ਕਰਮ ਦਾ ਪੂਰਨ ਰੂਪ ਵਿੱਚ ਤਿਆਗ ਕਰੇ ਚੰਗੀ ਵਿਰਤੀ ਵਿੱਚ ਆਤਮਾ ਨੂੰ ਸ਼ੁੱਧ ਕਰਕੇ ਫਿਰ ਪਾਪਕਾਰੀ ਵਿਰਤੀ ਵਿੱਚ ਜਾਣ ਦੀ ਕਲਪਨਾ ਨਹੀਂ ਕਰਦਾ"। ॥9॥

ਇਸ ਪ੍ਰਕਾਰ ਬਿਦੂ ਅਰਹਤ ਰਿਸ਼ਿ ਆਖਦੇ ਹਨ।

# ਅਠਾਰ੍ਹਵਾਂ ਅਧਿਐਨ (ਵਰਿਸ਼ਵ ਕ੍ਰਿਸ਼ਨ ਅਰਹਤ ਰਿਸ਼ਿ ਭਾਸ਼ਿਤ)

ਪ੍ਰਸ਼ਨ: ਜੋ ਆਤਮਾ ਪਾਪ ਦਾ ਸੇਵਨ ਕਰਦਾ ਹੈ। ਉਹ ਸੰਸਾਰ ਵਿੱਚ ਭਟਕਦਾ ਹੈ। ਇਹ ਕਿਸ ਤਰ੍ਹਾਂ?

ਉੱਤਰ: ਹਿੰਸਾ ਆਦਿ ਪੰਜ ਪਾਪ ਅਤੇ ਮਿੱਥੀਆਂ ਦਰਸ਼ਨ ਗਲਤ ਵਿਸ਼ਵਾਸ ਦੇ ਰਾਹੀਂ ਆਤਮਾ ਪਾਪ ਦਾ ਸੰਗ੍ਰਹਿ ਕਰਦਾ ਹੈ ਉਸ ਤੋਂ ਬਾਅਦ ਭੋਗ ਭੋਗਨ ਸਮੇਂ ਹੱਥ ਪੈਰ ਛੇਦ ਨੋਵੇਂ ਅਧਿਆਏ ਦੀ ਤਰ੍ਹਾਂ ਸੀਮਾ ਰਹਿਤ ਦੁਖਾਂ ਦਾ ਅਨੁਭਵ ਕਰਦਾ ਹੈ ਅਤੇ ਸੰਸਾਰ ਵਿੱਚ ਭਟਕਦਾ ਹੈ।

ਪ੍ਰਸ਼ਨ: ਜੋ ਆਤਮਾ ਪਾਪ ਕਰਮਾ ਦਾ ਸੰਗ੍ਰਹਿ ਨਹੀਂ ਕਰਦਾ ਉਸ ਦਾ ਜੀਵਨ ਕਿਸ ਪ੍ਰਕਾਰ ਦਾ ਹੁੰਦਾ ਹੈ?

ਉੱਤਰ: ਵਰਿਸ਼ਵ ਕ੍ਰਿਸ਼ਨ ਅਰਹਤ ਰਿਸ਼ਿ ਨੇ ਆਖਿਆ ਕਿ ਪਾਪ ਤੋਂ ਰਹਿਤ ਆਤਮਾ ਹਿੰਸਾ ਆਦਿ ਪਾਪ ਅਤੇ ਮਿਥੀਆਤਵ ਦਰਸ਼ਨ ਕੰਡੇ ਤੋਂ ਵਿਰਕਤ, ਸ਼ਰੋਤ ਇੰਦਰੀਆਂ ਵਿਸ਼ੇ ਨੂੰ ਰੋਕੇ, ਪਾਪ ਨੂੰ ਰੋਕੇ, ਹੱਥ ਪੈਰ ਬੁਰੇ ਮਨ ਆਦਿ ਦੁਖ ਸਮੂਹ ਨੂੰ ਖਤਮ ਕਰਕੇ ਸ਼ਿਵ, ਅਚਲ, ਰੂਪ ਵਿੱਚ ਆਤਮ ਸਥਿਤੀ ਪ੍ਰਾਪਤ ਕਰਦਾ ਹੈ।

ਜਿਵੇਂ ਸ਼ਕੁਨੀ ਪੰਛੀ ਪੱਥਰ ਵਰਗੀ ਤਿਖੀ ਚੁੰਝ ਨਾਲ ਫਲ ਵਿੱਚ ਛੇਦ ਕਰਦਾ ਹੈ। ਵੈਰ ਭਾਵ ਰਾਜ ਨੂੰ ਵੰਡ ਦਿੰਦਾ ਹੈ ਅਤੇ ਬਾਰੀ ਪੱਤਰ ਧਾਰਕ - ਕਮਲ ਪਾਣੀ ਨੂੰ ਅਪਣੇ ਤੋਂ ਦੂਰ ਕਰ ਦਿੰਦਾ ਹੈ ਉਸੇ ਪ੍ਰਕਾਰ ਪ੍ਰਬੁਧ ਆਤਮਾ ਕਰਮ ਅਤੇ ਆਤਮਾ ਨੂੰ ਅਲਗ ਕਰ ਦਿੰਦਾ ਹੈ। ਭਾਵ ਪਾਪ ਨੂੰ ਤਿਆਗ ਕੇ ਆਤਮਾ ਨੂੰ ਸ਼ੁਧ ਸਥਿਤੀ ਵੱਲ ਲੈ ਜਾਂਦਾ ਹੈ।

ਇਸ ਪ੍ਰਕਾਰ ਵਰੀਸ਼ਵ ਕ੍ਰਿਸ਼ਨ ਅਰਹਤ ਰਿਸ਼ਿ ਆਖਦੇ ਹਨ।

## ਉੱਨੀਵਾਂ ਅਧਿਐਨ (ਆਰਿਅਨ ਅਰਹਤ ਰਿਸ਼ਿ ਭਾਸ਼ਿਤ)

"ਪਹਿਲਾਂ ਇੱਥੇ ਆਰਿਆਪਨ (ਸ਼੍ਰੇਸ਼ਠਤਾ) ਸੀ" ਇਸ ਪ੍ਰਕਾਰ ਆਰਿਅਨ ਅਰਹਤ ਰਿਸ਼ਿ ਨੇ ਆਖਿਆ, "ਸਾਧੂ ਬੁਰੇ ਵਿਚਾਰ ਅਤੇ ਬੁਰਾ ਆਚਰਨ ਤਿਆਗ ਦੇਵੇ।ਇਸ ਲਈ ਬੁਰੇ ਮਿਤੱਰਾਂ ਦਾ ਸਾਥ ਛੱਡ ਦੇਵੇ ਅਤੇ ਆਰਿਆ ਧਰਮ ਵਿੱਚ ਸਾਮਲ ਹੋਣ ਲਈ ਤਿਆਰ ਹੋ ਜਾਵੇ"। ॥1॥

"ਜੋ ਅਨਾਗਿਆ (ਬੁਰਾ) ਆਦਮੀ ਹੈ। ਉਹ ਬੁਰੇ ਮਿੱਤਰਾਂ ਦੇ ਨਾਲ ਮਿਲ ਕੇ ਬੁਰਾ ਕੰਮ ਕਰਦਾ ਹੈ। ਉਹ ਪਾਪੀ ਮਨੁੱਖ ਸੰਸਾਰ ਸਾਗਰ ਵਿੱਚ ਭਟਕਦਾ ਹੋਇਆ ਦੁੱਖਾਂ ਨੂੰ ਪ੍ਰਾਪਤ ਕਰਦਾ ਹੈ"। ॥2॥

"ਇਸ ਲਈ ਮਨੁਖ ਆਰਿਆ ਮਾਰਗ ਅਤੇ ਆਰਿਆ ਕਰਮ ਕਰੇ, ਆਰਿਆ (ਚੰਗੇ) ਸਾਥੀ ਦੀ ਖੋਜ ਕਰੇ ਅਤੇ ਚੰਗੇ ਕੰਮ ਕਰਨ ਵਿੱਚ ਲੱਗਾ ਰਹੇ"।॥3॥

"ਜੋ ਮਨੁੱਖ ਆਰਿਆ ਹੈ ਉਹ ਹਮੇਸ਼ਾ ਆਰਿਆ ਮਿੱਤਰਾਂ ਦੇ ਨਾਲ ਹੀ ਰਹਿੰਦਾ ਹੈ ਅਤੇ ਆਰਿਆ ਕਰਮ ਕਰਦਾ ਹੈ। ਉਹ ਸੰਸਾਰ ਸਾਗਰ ਤੋਂ ਮੁਕਤ ਹੋ ਸਕਦਾ ਹੈ"। ॥4॥

"ਆਰਿਆ ਦਾ ਗਿਆਨ ਹੀ ਸ਼੍ਰੇਸ਼ਠ ਗਿਆਨ ਹੈ, ਆਰਿਆ ਦਾ ਦਰਸ਼ਨ (ਵਿਸ਼ਵਾਸ) ਹੀ ਸ਼੍ਰੇਸ਼ਠ ਹੈ, ਆਰਿਆ ਦਾ ਚਰਿਤੱਰ (ਧਰਮ ਗ੍ਰਹਿਣ) ਹੀ ਸ਼੍ਰੇਸ਼ਠ ਹੈ। ਇਸ ਲਈ ਆਰਿਆ ਦੀ ਹੀ ਉਪਾਸ਼ਨਾ ਕਰਨੀ ਚਾਹਿਦੀ ਹੈ"। ॥5॥

ਇਸ ਪ੍ਰਕਾਰ ਆਰਿਅਨ ਅਰਹਤ ਰਿਸ਼ਿ ਨੇ ਆਖਿਆ ਹੈ।

## ਵੀਹਵਾਂ ਅਧਿਐਨ (ਉਤਕਲਵਾਦ ਅਰਹਤ ਰਿਸ਼ਿ ਭਾਸ਼ਿਤ)

"ਪੰਜ ਪ੍ਰਕਾਰ ਦੇ ਉਤਕਲ ਅਰਥਾਤ ਧਰਮ ਰਹਿਤ ਚੋਰ ਦੱਸੇ ਗਏ ਹਨ। ਦੰਢ ਉਤਕਲ, ਰਜੂ ਉਤਕਲ, ਸਤੈਨ ਉਤਕਲ, ਦੇਸ਼ ਉਤਕਲ, ਸਰਵ ਉਤਕਲ"।

ਪ੍ਰਸ਼ਨ: ਹੇ ਭਗਵਾਨ ਦੰਢ ਉਤਕਲ ਕਿਸ ਨੂੰ ਆਖਦੇ ਹਨ?

ਉੱਤਰ: ਦੰਢ ਉਤਕਲ ਉਸ ਨੂੰ ਆਖਦੇ ਹਨ ਜਿਸ ਦੇ ਰਾਹੀਂ ਆਦਿ, ਮੱਧ ਅਤੇ ਅੰਤ ਵਿੱਚ ਰਹੇ ਹੋਏ ਦਾ ਵਿਖਿਆਨ ਕੀਤਾ ਜਾਂਦਾ ਹੈ। ਇਹ ਸਮੂਹ ਮਾਤਰ ਅਭਿਦਾਨ ਹੈ ਸ਼ਰੀਰ ਤੋਂ ਭਿੰਨ ਕੋਈ ਆਤਮਾ ਨਹੀਂ ਹੈ ਇਸ ਪ੍ਰਕਾਰ ਜੋ ਜਨਮ ਮਰਨ ਦੀ ਪ੍ਰੰਪਰਾ ਦੇ ਖਾਤਮੇ ਦੀ ਗੱਲ ਕਰਦੇ ਹਨ ਉਹ ਹੀ ਦੰਢ ਉਤਕਲ ਹੈ।

ਪ੍ਰਸ਼ਨ: ਰਜੂ ਉਤਕਲ ਕੀ ਹੈ?

ਉੱਤਰ: ਰਜੂ ਉਤਕਲ ਉਹ ਹੈ ਜਿਸ ਰਾਹੀਂ ਰੱਸੀ ਦੀ ਉਧਾਰਨ ਦੇ ਕੇ ਸਮੂਦਾਏ ਦਾ ਵਿਖਿਆਨ ਕੀਤਾ ਜਾਂਦਾ ਹੈ ਇਹ ਜੀਵਨ ਪੰਜ ਮਹਾਂ ਭੂਤਾਂ ਦਾ ਸਕੰਦ ਮਾਤਰ ਦਾ ਸਮੂਹ ਹੈ ਇਸ ਪ੍ਰਕਾਰ ਜੋ ਸੰਸਾਰ ਪ੍ਰੰਪਰਾ ਨਾਲ ਛੇਦ ਕਰਦਾ ਹੈ ਉਹ ਰਜੂ ਉਤਕਲ ਹੈ।

ਪ੍ਰਸ਼ਨ: ਸਤੈਨ ਉਤਕਲ ਕੀ ਹੈ?

ਉੱਤਰ: ਸਤੈਨ ਉਤਕਲ ਉਸ ਨੂੰ ਆਖਦੇ ਹਨ, ਜਿਸ ਰਾਹੀਂ ਹੋਰ ਗ੍ਰੰਥਾਂ ਦੀਆਂ ਉਦਾਰਨਾ, ਗਾਥਾਵਾਂ ਵਿੱਚੋਂ ਅਪਣੇ ਪੱਖ ਦੀ ਗੱਲ ਵਿਖਿਆਨ ਕਰਨਾ ਪ੍ਰਮੁੱਖ ਰਹਿੰਦਾ ਹੈ ਇਹ ਸ਼ਾਸ਼ਤਰ ਮੇਰੇ ਹਨ ਅਜਿਹਾ ਆਖ ਕੇ ਦੂਸਰੇ ਦੀ ਕਰੂਣਾ ਨੂੰ ਨਸ਼ਟ ਕਰਨ ਦੀ ਗੱਲ ਆਖਣਾ ਹੀ ਸਤੈਨ ਉਤਕਲ ਹੈ।

ਪ੍ਰਸ਼ਨ: ਦੇਸ਼ ਉਤਕਲ ਕੀ ਹੈ?

ਉੱਤਰ: ਦੇਸ਼ ਉਤਕਲ ਉਸ ਨੂੰ ਕਿਹਾ ਜਾਂਦਾ ਹੈ ਜੋ ਆਤਮਾ ਦੀ ਹੋਂਦ ਮੰਨ ਕੇ ਆਤਮਾ ਨੂੰ ਅਕਰਤਾ ਮੰਨਦਾ ਹੈ ਉਹ ਆਤਮਾ ਦੇ ਇਕ ਦੇਸ਼ (ਹਿੱਸੇ) ਦਾ ਛੇਦ ਕਰਦਾ ਹੈ ਇਹੋ ਦੇਸ਼ ਉਤਕਲ ਹੈ।

ਪ੍ਰਸ਼ਨ: ਸਰਵ ਉਤਕਲ ਕੀ ਹੈ?

ਉੱਤਰ: ਸਰਵ ਉਤਕਲ ਉਸ ਨੂੰ ਆਖਦੇ ਹਨ ਜੋ ਸਾਰੇ ਪਦਾਰਥ ਦੀ ਸਾਰਥਕਤਾ ਨੂੰ ਹਮੇਸ਼ਾ ਝੂਠ ਮੰਨਦਾ ਹੈ। ਹਰ ਸਮੇ ਵਿੱਚ ਪਦਾਰਥ ਵਿੱਚ ਸਾਰਥਕਤਾ ਦੀ ਅਨਹੋਂਦ ਹੈ ਇਸ ਪ੍ਰਕਾਰ ਸਭ ਪ੍ਰਕਾਰ ਨਾਲ ਵਿਛੇਦ ਕਰਨ ਦੀ ਗੱਲ ਕਰਦਾ ਹੈ ਉਹ ਸਰਵ ਉਤਕਲ ਹੈ।

"ਉਪਰ ਤੋਂ ਪੈਰਾਂ ਤੱਕ ਅਤੇ ਹੇਠਾਂ ਤੋਂ ਸਿਰ ਦੇ ਉਪਰ ਬਾਲਾਂ ਦੇ ਮੂਹਰਲੇ ਭਾਗ ਤੱਕ ਆਤਮਾ ਦੇ ਪਰਿਆਏ ਹਨ। ਸਰੀਰ ਦੀ ਚਮੜੀ ਜੀਵ ਹੈ, ਇਹ ਜੀਵ ਦਾ ਜੀਵਨ ਹੈ ਉਸ ਨੂੰ ਜਿੰਦਾ ਕਿਹਾ ਜਾਂਦਾ ਹੈ। ਜਿਵੇਂ ਜਲੇ ਹੋਏ ਬੀਜਾਂ ਵਿੱਚੋ ਅੰਕੁਰ ਨਹੀਂ ਫੁਟਦਾ ਉਸੇ ਪ੍ਰਕਾਰ ਸਰੀਰ ਦੇ ਨਸ਼ਟ ਹੋ ਜਾਣ ਤੇ ਫਿਰ ਉਸੇ ਸਰੀਰ ਦੀ ਉਤਪਤੀ ਨਹੀਂ ਹੋ ਸਕਦੀ"।

"ਇਸ ਲਈ ਇਹੋ ਜੀਵਨ ਹੈ। ਪਰਲੋਕ ਜੇਹੀ ਕੋਈ ਵਸਤੂ ਨਹੀਂ ਹੈ ਅਪਣੇ ਕੀਤੇ ਕਰਮਾ ਦਾ ਫਲ ਵੀ ਕੋਈ ਨਹੀਂ ਹੈ ਆਤਮਾ ਫਿਰ ਆਉਂਦਾ ਨਹੀਂ। ਪੁਨ ਅਤੇ ਪਾਪ ਆਤਮਾ ਨੂੰ ਛੋਂਹਦੇ ਨਹੀਂ। ਪੂਨ ਤੇ ਪਾਪ ਦਰਅਸਲ ਵਿੱਚ ਬੇਕਾਰ ਹੀ ਹਨ। ਇਸ ਲਈ ਮੈਂ ਠੀਕ ਆਖਦਾ ਹਾਂ ਕਿ ਸਿਰ ਤੋਂ ਪੈਰ ਦੇ ਤੱਲ ਤੱਕ ਅਤੇ ਮੱਥੇ ਦੇ ਬਾਲਾਂ ਦੇ ਮੂਹਰਲੇ ਹਿੱਸੇ ਤੱਕ ਇਹੋ ਆਤਮਾ ਹੈ ਇਹ ਚਮੜੀ ਵਿੱਚ ਜੀਵ ਹੈ ਇਹ ਗੱਲ ਹੱਥ ਤੇ ਖਿਲੇ ਕਮਲ ਵਾਂਗ ਦਿਖਾਈ ਦੇ ਰਹੀ ਹੈ। ਜਿਵੇਂ ਜਲੇ ਹੋਏ ਦੀ ਫਿਰ ਅੰਕੁਰ ਉਤਪਤੀ ਨਹੀਂ ਹੁੰਦੀ ਇਸੇ ਪ੍ਰਕਾਰ ਜਲੇ ਸ਼ਰੀਰ ਦੀ ਫਿਰ ਉਤਪਤੀ ਨਹੀਂ ਹੋ ਸਕਦੀ। ਇਸ ਲਈ ਪੂਨ ਪਾਪ ਦੇ ਗ੍ਰਹਿਣ ਕਰਨ ਵਿੱਚ ਸੁਖ ਦੁੱਖ ਦੀ ਅਨਹੋਂਦ ਹੈ ਅਤੇ ਸਰੀਰ ਨੂੰ ਜਲਾ ਦੇਣ ਤੇ ਪਾਪ ਕਰਮ ਦੀ ਅਨਹੋਂਦ ਹੈ। ਇਸ ਲਈ ਸਰੀਰ ਆਤਮਾ ਨੂੰ ਜਲਾ ਦੇਣ ਤੇ ਫਿਰ ਸਰੀਰ ਦੀ ਉਤਪਤੀ ਸੰਭਵ ਨਹੀਂ"।

(ਇਸ ਅਧਿਐਨ ਵਿੱਚ ਦੇਹ ਆਤਮਵਾਦ ਸਿਧਾਂਤ ਦਾ ਵਰਨਣ ਹੈ ਨਾਲ ਹੀ ਸਾਰਾ ਅਧਿਆਏ ਚਾਰੂਵਾਕ ਦੇ ਨਾਸ਼ਤਕ ਸਿਧਾਂਤ ਦਾ ਵਰਨਣ ਹੈ ਪ੍ਰਸਿਧ ਵਿਦਵਾਨ ਪ੍ਰੋਫੈਸਰ ਸੁਵਰਿੰਗ ਇਸ ਅਧਿਐਨ ਨੂੰ ਅਰਹਤ ਰਿਸ਼ਿ ਰਾਹੀਂ ਅਧਿਐਨ ਨਹੀਂ ਮੰਨਦਾ)

## ਇੱਕੀਵਾਂ ਅਧਿਐਨ (ਗਾਥਾਪਤੀ ਪੁੱਤਰ ਤਰੁਨ ਅਰਹਤ ਰਿਸ਼ਿ ਭਾਸ਼ਿਤ)

"ਮੈਂ ਪਹਿਲਾਂ ਸਾਰੇ ਲੋਕ ਵਿੱਚ ਕੁੱਝ ਨਹੀਂ ਜਾਨਦਾ ਸੀ" ਇਸ ਪ੍ਰਕਾਰ ਗਾਥਾਪਤੀ ਪੁੱਤਰ ਤਰੁਨ ਅਰਹਤ ਰਿਸ਼ਿ ਨੇ ਆਖਿਆ।

"ਪਹਿਲਾਂ ਮੇਰਾ ਜੀਵਨ ਅਗਿਆਨ ਦੇ ਅੰਧੇਰੇ ਵਿੱਚ ਸੀ। ਇਸ ਲਈ ਮੈਂ ਪਹਿਲਾਂ ਕੁੱਝ ਨਹੀਂ ਜਾਨਦਾ ਸੀ, ਨਾ ਵੇਖਦਾ ਸੀ, ਨਾ ਸਹੀ ਢੰਗ ਨਾਲ ਵਿਚਾਰ ਕਰਕੇ ਜਾਨਦਾ ਸੀ, ਨਾ ਹੀ ਮੈਨੂੰ ਇਸ ਪ੍ਰਕਾਰ ਦਾ ਗਿਆਨ ਸੀ। ਹੁਣ ਗਿਆਨ ਦੇ ਪ੍ਰਕਾਸ਼ ਨਾਲ ਮੇਰੀ ਆਤਮਾ ਪ੍ਰਕਾਸ਼ਮਾਨ ਹੈ। ਇਸ ਲਈ ਮੈਂ ਹੁਣ ਜਾਨਦਾ ਹਾਂ ਵੇਖਦਾ ਹਾਂ ਪਦਾਰਥ ਦਾ ਸਹੀ ਗਿਆਨ ਰੱਖਦਾ ਹਾਂ ਅਤੇ ਮੈਨੂੰ ਸਹੀ ਬੋਧ ਹੈ"।

"ਗਿਆਨ ਰਹਿਤ ਅਵਸਥਾ ਵਿੱਚ ਮੈ ਕਾਮ ਭੋਗਾਂ ਦੇ ਵੱਸ ਹੋ ਕੇ ਜੋ ਕੰਮ ਕੀਤੇ ਹਨ। ਗਿਆਨ ਪ੍ਰਾਪਤ ਕਰਕੇ ਮੇਰੇ ਲਈ ਕਾਮ ਤੋਂ ਪ੍ਰੇਰਤ ਹੋ ਕੇ ਕੋਈ ਵੀ ਕੰਮ ਨਾ ਕਰਨ ਯੋਗ ਹੈ। ਉਸ ਗਿਆਨ ਰਹਿਤ ਆਤਮਾਵਾਂ ਚਾਰ ਗਤੀ ਰੂਪੀ ਸੰਸਾਰ ਦੇ ਜੰਗਲ ਵਿੱਚ ਘੁੰਮਦੀਆਂ ਹਨ। ਗਿਆਨਵਾਨ ਆਤਮਾਵਾਂ ਇਸ ਜੰਗਲ ਦੇ ਕੰਡਿਆਲੇ ਰਾਹ ਪਾਰ ਕਰਦੀਆਂ ਹਨ ਇਸ ਲਈ ਅਗਿਆਨ ਨੂੰ ਛੱਡ ਕੇ ਮੈਂ ਗਿਆਨ ਰਾਹੀਂ ਸਾਰੇ ਦੁੱਖਾਂ ਦਾ ਅੰਤ ਕਰਾਂਗਾ ਅਤੇ ਸਾਰੇ ਦੁਖਾਂ ਦਾ ਅੰਤ ਕਰਕੇ ਸੱਚੇ, ਸ਼ਿਵ, ਅਚਲ ਭਾਵ ਸ਼ਾਸ਼ਵਤ ਸਥਾਨ ਨੂੰ ਪ੍ਰਾਪਤ ਕਰਾਂਗਾ"।

"ਅਗਿਆਨ ਹੀ ਬਹੁਤ ਬੜਾ ਦੁਖ ਹੈ ਅਗਿਆਨ ਤੋਂ ਡਰ ਦਾ ਜਨਮ ਹੁੰਦਾ ਹੈ। ਸਾਰੇ ਜੀਵ ਧਾਰੀਆਂ ਲਈ ਜਨਮ ਮਰਨ ਦਾ ਮੂਲ ਕਾਰਨ ਸੰਸਾਰ ਵਿੱਚ ਫੈਲੀਆ ਅਗਿਆਨ ਹੈ"। ॥1॥

"ਅਗਿਆਨ ਰਾਹੀਂ ਹਿਰਨ, ਪੰਛੀ ਤੇ ਪਾਗਲ ਹਾਥੀ ਸੰਗਲ ਵਿੱਚ ਬੰਨਦੇ ਹਨ ਅਤੇ ਮੱਛੀਆਂ ਦੇ ਗਲ ਛੇਦੇ ਜਾਂਦੇ ਹਨ ਅਗਿਆਨ ਹੀ ਸੰਸਾਰ ਦਾ ਸੱਭ ਤੋਂ ਵੱਡਾ ਡਰ ਹੈ"। ॥2॥

"ਜਨਮ, ਬੁਢਾਪਾ, ਮੌਤ, ਸੋਗ, ਅਭਿਮਾਨ ਅਤੇ ਅਪਮਾਨ ਸਾਰੇ ਆਤਮਾ ਦੇ ਅਗਿਆਨ ਤੋਂ ਪੈਦਾ ਹੋਏ ਹਨ। ਸੰਸਾਰ ਦੀ ਵਿਸ਼ ਬੈਲ (ਜਹਿਰ) ਅਗਿਆਨ ਦੇ ਪਾਣੀ ਰਾਹੀਂ ਸਿੰਜੀ ਜਾਂਦੀ ਹੈ"। ॥3॥

"ਅਗਿਆਨ ਦੇ ਰਾਹੀਂ ਮੈਂ ਦੁਖ ਜਾਲ ਵਿੱਚ ਫੰਸਕੇ ਜਨਮ ਜੋਨੀ ਦੇ ਡਰ ਤੋਂ ਘੁੰਮਦੇ ਹੋਏ, ਲੰਬੇ ਸੰਸਾਰ ਵਿੱਚ ਭਰਮਨ ਕੀਤਾ"। ॥4॥

"ਪਤੰਗੇ ਦਾ ਦੀਪਕ ਤੇ ਜਲਨਾ, ਕੋਸੀਕਾਰ (ਰੇਸ਼ਮ ਦਾ) ਕੀੜੇ ਦਾ ਬੰਧਨ ਅਤੇ ਕਿੰਪਾਕ ਫਲ ਦਾ ਖਾਣਾ ਅਗਿਆਨ ਪ੍ਰਗਟ ਕਰਦਾ ਹੈ"। ॥5॥

"ਅਗਿਆਨ ਦੇ ਵੱਸ਼ ਵਿੱਚ ਸ਼ੇਰ ਪਾਣੀ ਵਿੱਚ ਦੂਸਰੇ ਸ਼ੇਰ ਦੀ ਛਾਂ ਵੇਖਕੇ ਖੂਹ ਵਿੱਚ ਕੁੱਦ ਪੈਂਦਾ ਹੈ ਅਤੇ ਸਿੱਟੇ ਵਜੋਂ ਮੌਤ ਨੂੰ ਪ੍ਰਾਪਤ ਕਰਦਾ ਹੈ"। ॥6॥

"ਅਗਿਆਨ ਦੇ ਵੱਸ਼ ਸ਼ੇਰ ਅਤੇ ਸੱਪ ਪੰਜੇ ਦੀ ਪਕੜ ਅਤੇ ਡੰਗ ਕਾਰਨ ਨਸ਼ਟ ਹੋ ਗਏ"। ॥7॥

"ਉਹ ਸੁਪਰਿਆ ਦੀ ਮਾਂ ਭਦਰਾ ਅਗਿਆਨ ਦੇ ਵੱਸ਼ ਵਿੱਚ ਪੈ ਕੇ ਮੋਹ ਜਾਲ ਵਿੱਚ ਫਸਦੀ ਹੈ, ਸਿਟੇ ਵਜੋਂ ਮਾਤਾ ਉਸੇ ਦੁਖ ਤੋਂ ਗੁੱਸੇ ਹੋਕੇ ਉਸੇ ਨੂੰ ਖਾ ਜਾਂਦੀ ਹੈ"। ॥8॥

"ਦਵਾਈਆਂ ਦੀ ਰਚਨਾ, ਸੰਜੋਗ ਮਿਲਣਾ ਅਤੇ ਵਿਦਿਆ ਦੀ ਸਾਧਨਾ ਅਗਿਆਨ ਦੇ ਰਾਹੀਂ ਇਹਨਾਂ ਸਾਰੇ ਕੰਮਾਂ ਵਿੱਚ ਸਫਲਤਾ ਨਹੀਂ ਮਿਲ ਸਕਦੀ"। ॥9॥

"ਦਵਾਈਆਂ ਦਾ ਨਿਰਮਾਨ ਅਤੇ ਵਿਵਸਥਾ, ਸੰਜੋਗਾਂ ਦਾ ਮੇਲ ਅਤੇ ਵਿਦਿਆਵਾਂ ਦੀ ਸਾਧਨਾ ਗਿਆਨ ਦੇ ਰਾਹੀਂ ਹੀ ਸੰਭਵ ਹੈ"। ॥10॥

ਇਸ ਪ੍ਰਕਾਰ ਗਾਥਾਪਤੀ ਪੁੱਤਰ ਤਰੂਨ ਅਰਹਤ ਰਿਸ਼ਿ ਨੇ ਆਖਿਆ ਹੈ।

**********

ਟਿਪਨੀ: ਸ਼ਲੋਕ ਨੰਬਰ 8, ਮਾਂ ਭਦਰਾ ਪਿਆਰੇ ਪੁੱਤਰ ਦੇ ਵਿਛੋੜੇ ਕਾਰਨ ਆਤਮਹੱਤਿਆ ਕਰਦੀ ਹੈ ਅਤੇ ਅਗਲੇ ਜਨਮ ਵਿੱਚ ਸ਼ੇਰਨੀ ਬਣਦੀ ਹੈ। ਅਪਣੇ ਪੁਤਰ ਨੂੰ ਵੇਖ ਕੇ ਗੁੱਸੇ ਵੱਸ ਪੰਜੇ ਨਾਲ ਚੀਰ ਕੇ ਉਸ ਨੂੰ ਖਾਂਦੀ ਹੈ।

## ਬਾਈਵਾਂ ਅਧਿਐਨ (ਦਗਭਾਲੀ ਅਰਹਤ ਰਿਸ਼ਿ ਭਾਸ਼ਿਤ)

"ਸਾਧੂ ਕਰਮਾਂ ਨੂੰ ਵੱਖ ਕਰੇ, ਕਰਮਾਂ ਨੂੰ ਵੱਖ ਆਤਮਾ ਤੋਂ ਵੱਖ ਨਾ ਕਰਨ ਵਾਲਾ ਅਗਿਆਨੀ ਹੈ। ਕਰਮਾਂ ਨੂੰ ਵੱਖ ਕਰਨ ਵਾਲੀਆਂ ਗਿਆਨੀ ਆਤਮਾਵਾਂ ਕਰਮ ਧੂੜ ਵਿੱਚ ਇਸੇ ਪ੍ਰਕਾਰ ਲਿਬੜੀਆਂ ਰਹਿੰਦੀਆਂ ਹਨ ਜਿਵੇਂ ਕਿ ਕਮਲ ਪਾਣੀ ਵਿੱਚ" ਇਸ ਪ੍ਰਕਾਰ ਦਗਭਾਲ ਅਰਹਤ ਰਿਸ਼ਿ ਨੇ ਆਖਿਆ।

"ਪੁਰਸ਼ ਦਾ ਧਰਮ ਹੈ ਤੇ ਉਹ ਪੁਰਸ਼ਾਂ ਵਿਚੋਂ ਪ੍ਰਮੁੱਖ, ਪੁਰਸ਼ਕਲਪਿਕ, ਪੁਰਸ਼ ਪਰਿਯੋਦਿਤ, ਪੁਰਸ਼ ਸਮਨਾਵਗਤ, ਪੁਰਸ਼ਾਂ ਨੂੰ ਅਪਣੇ ਵੱਲ ਖਿਚਦਾ ਹੈ, ਜਿਵੇਂ ਅਲਸਿਆ ਜਾਂ ਗੱਠ ਵਿਸ਼ੇਸ਼ ਸਰੀਰ ਵਿੱਚ ਵਾਧਾ ਪਾਉਂਦੀ ਹੈ ਅਤੇ ਸਰੀਰ ਦਾ ਹਿੱਸਾ ਬਣ ਕੇ ਸਰੀਰ ਦੇ ਦੁਖ ਅਪਣੇ ਵੱਲ ਖਿਚਦੀ ਹੈ ਇਸ ਪ੍ਰਕਾਰ ਧਰਮ (ਕਰਤਵ) ਆਦਿ ਪੁਰਸ਼ ਨੂੰ ਘੇਰ ਕੇ ਰੱਖਦੇ ਹਨ। ਜਿਵੇਂ ਅੱਗ ਅਰਨੀ ਵਿੱਚੋਂ ਪੈਦਾ ਹੁੰਦੀ ਅਤੇ ਅਰਨੀ ਦਾ ਸਹਾਰਾ ਲੈਂਦੀ ਹੈ। ਇਸੇ ਪ੍ਰਕਾਰ ਧਰਮ ਪੁਰਸ਼ ਆਦਿ ਦਾ ਸਹਾਰਾ ਲੈਕੇ ਘੇਰ ਕੇ ਰੱਖਦੇ ਹਨ"।

"ਉਹ ਪਿੰਡ ਤੇ ਸਹਿਰ ਧਿਕਾਰ ਦੇ ਯੋਗ ਹਨ ਜਿਥੇ ਔਰਤ ਰਾਜ ਕਰਦੀ ਹੈ। ਉਹ ਪੁਰਸ਼ ਵੀ ਧਿਕਾਰ ਯੋਗ ਹਨ ਜੋ ਇਸਤਰੀ ਦੇ ਵਸ ਵਿੱਚ ਹਨ"। ॥1॥

"ਇਸਤਰੀ ਪਵਿਤਰ ਕੁਲ ਦੇ ਸਮਾਨ ਹੈ। ਉਹ ਖਸ਼ਬੂ ਨਾਲ ਭਰੇ ਪਾਣੀ ਦੀ ਤਰ੍ਹਾਂ ਹੈ। ਵਿਸ਼ਾਲ ਸੁੰਦਰਤਾ ਨੂੰ ਪ੍ਰਾਪਤ ਪਦਮਨੀ ਹੈ। ਉਹ ਮਾਲਤੀ ਦੀ ਤਰ੍ਹਾਂ ਹੈ। ਉਹ ਸੋਨੇ ਦੀ ਗੁਫਾ ਹੈ, ਪਰ ਉਸ ਗੁਫਾ ਵਿੱਚ ਸ਼ੇਰ ਬੈਠਾ ਹੈ। ਉਹ ਫੁਲਾਂ ਦੀ ਮਾਲਾ ਹੈ, ਪਰ ਇਹ ਜ਼ਹਿਰੀਲੇ ਫੁੱਲਾਂ ਦੀ ਬਨੀ ਹੈ। ਦੂਸਰੇ ਨੂੰ ਨੁਕਸ਼ਾਨ ਪਹੁੰਚਾਉਣ ਲਈ ਉਹ ਜ਼ਹਿਰਲੀ ਗੰਧ ਬੁਟੀਕਾ (ਜ਼ਹਿਰ ਦੀ ਪੁੜੀ) ਉਹ ਨਦੀ ਦੀ ਨਿਰਮਲ ਧਾਰਾ ਹੈ, ਪਰ ਉਸ ਵਿੱਚ ਭਿੰਅਕਰ ਲਹਿਰਾਂ ਹਨ ਜੋ ਮੌਤ ਦਾ ਕਾਰਨ ਹਨ, ਉਹ ਪਾਗਲ ਬਣਾ

ਦੇਣ ਵਾਲੀ ਸ਼ਰਾਬ ਹੈ। ਸੁੰਦਰ ਇਸਤਰੀ ਯੋਗ ਕੰਨਿਆਂ ਵਾਂਗ ਹੈ, ਉਹ ਨਾਰੀ ਹੈ ਅਪਣੇ ਗੁਣਾ ਦੇ ਪ੍ਰਕਾਸ਼ ਕਾਰਨ ਅਸਲ ਰੂਪ ਵਿੱਚ ਨਾਰੀ ਹੈ"। ॥2-4॥

"ਬੁਰੀ ਇਸਤਰੀ ਕੁਲ ਦਾ ਨਾਸ਼ ਕਰਦੀ ਹੈ ਉਸ ਦੀ ਇੱਜਤ ਨੂੰ ਸਮਾਪਤ ਕਰਦੀ ਹੈ ਦੀਨ ਦੁਰਬਲ ਦੀ ਬੇਇਜਤੀ ਕਰਦੀ ਹੈ, ਉਹ ਸਭ ਪ੍ਰਕਾਰ ਦੇ ਦੁੱਖਾਂ ਦੀ ਸਥਾਪਨਾ ਕਰਨ ਵਾਲੀ ਹੈ, ਭਾਵ ਸਾਰੇ ਦੁੱਖਾਂ ਦੀ ਜੜ ਹੈ। ਉਹ ਸ਼੍ਰੇਸ਼ਠਾ ਨੂੰ ਸਮਾਪਤ ਕਰ ਦਿੰਦੀ ਹੈ। ਉਹ ਗੰਭੀਰ ਦੁਸ਼ਮਨੀ ਦਾ ਘਰ ਹੈ। ਇਸਤਰੀ ਚਰਿੱਤਰਵਾਨ ਦੇ ਲਈ ਵਿਘਨ ਰੂਪ ਹੈ"। ॥5-6॥

"ਜਿਸ ਪਿੰਡ ਜਾਂ ਸ਼ਹਿਰ ਵਿਚ ਇਸਤਰੀ ਬਲਵਾਨ ਹੈ, ਬੇਲਗਾਮ ਘੋੜੇ ਦੀ ਹਿਨਹਨਾਹਟ ਜਾਂ ਬਿਨਾ ਤਿਉਹਾਰ ਵਿੱਚ ਮੁੰਡਨ ਦੇ ਸਮਾਨ ਹੈ। ਜਿਥੇ ਇਸਤਰੀ ਦਾ ਰਾਜ ਹੈ ਉਹ ਪਿੰਡ ਧਿਕਾਰ ਯੋਗ ਹੈ" (ਅਗਲਾ ਅਰਥ ਪਹਿਲੇ ਸ਼ਲੋ ਵਾਂਗ ਸਮਝ ਲਿਆ ਜਾਵੇ) ॥7-8॥

"ਅੱਗ ਨਾਲ ਜਲਨ ਦਾ ਡਰ ਹੈ। ਜ਼ਹਿਰ ਨਾਲ ਮਰਨ ਦਾ ਡਰ ਹੈ। ਹਥਿਆਰ ਨਾਲ ਛੇਦਨ ਦਾ ਡਰ ਹੈ। ਸੱਪ ਨਾਲ ਡੱਸਨ ਦਾ ਡਰ ਹੈ। ਇਹ ਸਾਰੀਆਂ ਵਸਤੂਆਂ ਡਰ ਦਾ ਕਾਰਨ ਹਨ"। ॥9॥

"ਜੋ ਵਸਤੂ ਸ਼ਕ ਵਾਲੀ ਹੈ ਅਤੇ ਨਾਲ ਹੀ ਉਸ ਦਾ ਮੁਕਾਬਲਾ ਕਰਨ ਵਿੱਚ ਸ਼ਕ ਨਹੀਂ ਹੈ ਉਸ ਵਸਤੂ ਦੀ ਵਰਤੋ ਦਾ ਠੀਕ ਗਿਆਨ ਹੋਣਾ ਚਾਹਿਦਾ ਹੈ"। ॥10॥

"ਜਿਥੇ ਸਮਾਂ ਆਰੰਭ (ਹਿੰਸਾ ਦਾ ਮੋਟਾ ਰੂਪ) ਅਤੇ ਸਾਨੂਬੰਧ (ਅਨੁਸਰਨ ਕਰਨ ਵਾਲਾ) ਹੈ ਉਹ ਵਸਤੂ ਨੂੰ ਠੀਕ ਠਾਕ ਜਾਣਕੇ ਸਾਰੇ ਪਦਾਰਥਾਂ ਦੇ ਨਿਸ਼ਚੇ ਵਿੱਚ ਸਹਾਇਕ ਹੋ ਸਕਦਾ ਹੈ"। ॥11॥

"ਜਿਸ ਦੇ ਲਈ ਜਿਥੇ ਸੁਖ ਦੀ ਉਤਪਤੀ ਹੈ ਅਤੇ ਜੋ ਜਿਸ ਦੇ ਪਿਛੇ ਚਲਦਾ ਹੈ ਸਮਝਦਾਰ ਉਸ ਦੇ ਵਿਨਾਸ਼ੀ ਅਤੇ ਅਵਿਨਾਸ਼ੀ ਰੂਪ ਨੂੰ ਜ਼ਰੂਰ ਦੇਖੇ"। ॥12॥

"ਸਿਰ ਕਟਨ ਨਾਲ ਮੌਤ ਨਿਸ਼ਚਿਤ ਹੈ, ਜੜ ਪੁਟੱਨ ਨਾਲ ਦਰਖਤ ਦਾ ਵਿਨਾਸ਼ ਨਿਸ਼ਚਿਤ ਹੈ ਇਸੇ ਪ੍ਰਕਾਰ ਸਾਰੀਆਂ ਵਸਤੂਆਂ ਵਿੱਚ ਵਿਚਾਰਕ ਮੂਲ਼ ਅਤੇ ਉਸ ਦੇ ਫਲ ਦਾ ਵਿੱਚਾਰ ਕਰੇ। ਜੋ ਸਥਾਨ ਸਰੀਰ ਵਿੱਚ ਸਿਰ ਦਾ ਹੈ ਅਤੇ ਦਰਖਤ ਵਿੱਚ ਜੜ ਦਾ ਹੈ ਉਹ ਹੀ ਸਥਾਨ ਮੁਨੀ ਧਰਮ ਲਈ ਧਿਆਨ ਦਾ ਹੈ"। ॥13=14॥

ਇਸ ਪ੍ਰਕਾਰ ਦਗਭਾਲੀ ਅਰਹਤ ਰਿਸ਼ਿ ਨੇ ਆਖਿਆ।

## ਤੇਇਵਾਂ ਅਧਿਐਨ (ਰਾਮ ਪੁੱਤਰ ਅਰਹਤ ਰਿਸ਼ਿ ਭਾਸ਼ਿਤ)

"ਇਸ ਲੋਕ ਵਿੱਚ ਦੋ ਪ੍ਰਕਾਰ ਦੀ ਮੌਤ ਆਖੀ ਗਈ ਹੈ। ਸੁੱਖ ਰੂਪ ਮੌਤ ਅਤੇ ਦੁੱਖ ਰੂਪ ਮੌਤ" ਰਾਮ ਪੁੱਤਰ ਅਰਹਤ ਰਿਸ਼ੀ ਇਸ ਪ੍ਰਕਾਰ ਆਖਦਾ ਹੈ।

"ਮੇਰੀ ਲੇਸ਼ਿਆ ਸ਼ੁਭ ਨਹੀਂ ਹੈ ਰਾਗ ਦਵੇਸ਼ ਦੀ ਗਠ ਨੇ ਮੈਨੂੰ ਹਰਾ ਕੇ ਰੱਖ ਦਿੱਤਾ ਹੈ। ਇਸੇ ਗ੍ਰੰਥੀ ਵਿੱਚ ਮੇਰੀ ਆਤਮਾ ਜਕੜੀ ਹੋਈ ਹੈ ਹੁਣ ਮੈਂ ਗ੍ਰੰਥੀ ਦੇ ਬੰਧਨ ਨੂੰ ਤੋੜ ਸਿੱਟਾਂਗਾ। ਮੈਂ ਹੁਣ ਆਕਾਲ ਮੌਤ ਨਾਲ ਮਰੀਆ, ਉਹੀ ਬਹੁਤ ਹੈ। ਹੁਣ ਮੈਂ ਗ੍ਰੰਥੀ ਛੇਦ ਕਰਕੇ ਗਿਆਨ ਦਰਸ਼ਨ ਚਾਰਿਤਰ ਦੀ ਅਰਾਧਨਾ ਕਰਾਂਗਾ"।

"ਗਿਆਨ ਰਾਹੀਂ ਜਾਣ ਕੇ, ਦਰਸ਼ਨ ਰਾਹੀਂ ਵੇਖ ਕੇ ਅਤੇ ਸੰਜਮ ਵਿੱਚ ਸਥਿਰ ਹੋ ਕੇ ਤਪ ਰਾਹੀਂ ਅੱਠ ਪ੍ਰਕਾਰ ਦੇ ਕਰਮ ਰੂਪੀ ਧੂੜ ਨੂੰ ਤਿਆਗ ਕੇ ਆਤਮਾ ਨੂੰ ਵਿਸ਼ੁਧ ਕਰੇ। ਅਨਾਦਿ, ਅੰਨਤ, ਲੰਬੇ ਰਾਹ ਵਾਲੇ ਚਾਰ ਗਤੀ ਸੰਸਾਰ ਰੂਪੀ ਜੰਗਲ ਨੂੰ ਪਾਰ ਕਰਕੇ ਸ਼ਿਵ, ਅੱਚਲ, ਰੋਗ ਰਹਿਤ, ਅਕਸ਼ੈ (ਨਾ ਖਤਮ ਹੋਣ ਵਾਲਾ) ਆਵਾਜਾਈ ਤੋਂ ਰਹਿਤ, ਸਿੱਧ ਗਤੀ ਨਾਮਕ ਸਥਾਨ ਨੂੰ ਪ੍ਰਾਪਤ ਕਰਾਂਗਾ ਅਤੇ ਹਮੇਸ਼ਾ ਭਵਿੱਖ ਲਈ ਅਮਰ ਰਹਾਂਗਾ"।

ਇਸ ਪ੍ਰਕਾਰ ਰਾਮ ਪੁੱਤਰ ਅਰਹਤ ਰਿਸ਼ਿ ਨੇ ਆਖਿਆ।

## ਚੋਬੀਵਾਂ ਅਧਿਐਨ (ਹਰੀਗਿਰੀ ਅਰਹਤ ਰਿਸ਼ਿ ਭਾਸ਼ਿਤ)

"ਇਸ ਤੋਂ ਪਹਿਲਾਂ ਵੀ ਦੁਨੀਆਂ ਸੀ ਪਰ ਮੈਂ ਇਸ ਦਾ ਸਥਾਈ ਰੂਪ ਨਹੀਂ ਜਾਣਦਾ ਪਰ ਹੁਣ ਮੇਰੇ ਲਈ ਇਸ ਪ੍ਰਤੀ ਥੋੜਾ ਜਿਹਾ ਵੀ ਆਕਰਸ਼ਨ ਨਹੀਂ ਹੈ, ਸੰਸਾਰ ਸੁਭਾਅ ਦਾ ਗਿਆਨ ਮੈਨੂੰ ਹੈ ਫਿਰ ਵੀ ਮੇਰੀ ਆਤਮਾ ਗਿਆਨ ਆਦਿ ਗੁਣਾ ਵਿੱਚ ਰਮਨ ਕਰਦੀ ਹੈ। ਸੰਸਾਰ ਦੀ ਪਿਆਰੀ ਚੀਜ ਸੁਖ ਲੈ ਕੇ ਆਉਂਦੀ ਹੈ ਪਰ ਨਾਲ ਹੀ ਉਸ ਦੇ ਉਲਟ ਦਿਸ਼ਾਂ ਵੀ ਮੇਰੇ ਨਾਲ ਹੀ ਰਹੇਗੀ ਕਿਉਂਕਿ ਉਸ ਦਾ ਸੁਖ ਸ਼ਾਸ਼ਵਤ ਨਹੀਂ" ਇਸ ਪ੍ਰਕਾਰ ਹਰੀਗਿਰੀ ਅਰਹਤ ਰਿਸ਼ਿ ਨੇ ਆਖਿਆ।

"ਨਾਰਕੀ ਨਰਕ ਨੂੰ, ਪਸ਼ੂ ਪਸ਼ੂ ਯੋਨੀ ਨੂੰ ਮਨੁੱਖ, ਮਨੁੱਖ ਜੀਵਨ ਨੂੰ, ਦੇਵਤਾ ਦੇਵ ਜਨਮ ਨੂੰ ਛੱਡ ਦਿੰਦੇ ਹਨ ਕਰਮ ਅਨੁਸਾਰ ਜੀਵ ਚਾਰ ਗਤੀ ਰੂਪੀ ਸੰਸਾਰ ਜੰਗਲ ਵਿੱਚ ਭੱਟਕਦੇ ਰਹਿੰਦੇ ਹਨ। ਫਿਰ ਵੀ ਮੇਰੀ ਆਤਮਾ ਇਸ ਲੋਕ ਵਿੱਚ ਸੁੱਖ ਦਾ ਉਤਪਾਦਕ ਹੈ, ਪਰਲੋਕ ਵਿਚ ਦੁੱਖ ਦਾ ਉਤਪਾਦਕ ਹੈ। ਅਨਿਯਤ, ਅਧਰੁਭ, ਅਨਿੱਤ ਅਤੇ ਅਸ਼ਾਸਵਤ ਲੋਕ ਵਿੱਚ ਇਹ ਆਤਮਾ ਆਸਕਤ ਅਤੇ ਫਸੀਆ ਰਹਿੰਦਾ ਹੈ, ਚਿੰਬੜੀਆ ਰਹਿੰਦਾ ਹੈ, ਵਿਸ਼ੇ ਵਿਕਾਰ ਵਾਲਾ ਬਣਦਾ ਹੈ, ਵਿਨਾਸ਼ ਨੂੰ ਪ੍ਰਾਪਤ ਹੁੰਦਾ ਹੈ"।

"ਇਹ ਸੜਨ, ਪੜਨ, ਵਿਕਿਰਣ ਅਤੇ ਨਾਸ਼ਵਾਨ ਸੁਭਾਅ ਵਾਲੇ ਸੰਸਾਰ ਵਿੱਚ ਅਨੇਕਾਂ ਅਨੇਕ ਯੋਗਖੇਮ ਅਤੇ ਮਮਤਾ ਰਹਿਤ ਜੀਵ ਦੇ ਲਈ ਪਾਰ ਕਰਨਾ ਔਖਾ ਹੈ ਇਹ ਸੰਸਾਰ ਵਿੱਚ ਵਾਧਾ ਕਰਦਾ ਹੈ। ਸੰਸਾਰ ਦੇ ਮੋਹ ਜਾਲ ਵਿੱਚ ਫਸੀਆ ਇਹ ਦਾਅਵਾ ਕਰਦਾ ਹੈ, ਕਿ ਸ਼ਿਵ, ਅਚਲ (ਮੋਕਸ਼) ਸਥਾਨ ਨੂੰ ਪ੍ਰਾਪਤ ਕਰਾਂਗਾ"।

"ਇਸ ਲਈ ਅਧਰੁਵ, ਅਸ਼ਾਸਵਤ ਸੰਸਾਰ ਵਿੱਚ ਸਾਰੀਆਂ ਆਤਮਾਵਾਂ ਲਈ ਮੇਲ ਮਿਲਾਪ ਅਤੇ ਦੁੱਖ ਹੀ ਹੈ। ਇਹ ਜਾਣਕੇ ਮੈਂ ਗਿਆਨ ਦਰਸ਼ਨ ਚਰਿਤਰ

ਸਵਿਕਾਰ ਕਰਾਂਗਾ ਅਤੇ ਇਸ ਪ੍ਰਕਾਰ ਜਨਮ, ਮਰਨ ਦੀ ਪੌੜੀ ਨੂੰ ਪਾਰ ਕਰਕ ਸ਼ਿਵ ਸ਼ਾਸਵਤ ਸਥਾਨ ਪ੍ਰਾਪਤ ਕਰਾਂਗਾ"।

"ਜੰਗਲ ਵਿੱਚ, ਪਾਣੀ ਵਿੱਚ, ਜਾਂ ਅੱਗ ਦੀ ਜਵਾਲਾ ਦੇ ਹਨੇਰੇ ਵਿੱਚ ਜਾਂ ਛੋਟੇ ਪਿੰਡ ਵਿੱਚ ਹਮੇਸ਼ਾ ਸਰਵਗਾਂ ਰਾਹੀਂ ਫਰਮਾਏ ਧਰਮ ਨੂੰ ਨਾਲ ਰੱਖਣਾ ਚਾਹਿਦਾ ਹੈ"। ॥1॥

"ਸੱਭ ਕੁੱਝ ਸਹਿਨ ਵਾਲੀ ਪ੍ਰਿਥਵੀ ਅਤੇ ਬੜੀਆਂ ਦਵਾਈਆਂ ਪ੍ਰਾਣੀ ਮਾਤਰ ਦੇ ਲਈ ਹਿਤਕਾਰੀ ਹਨ। ਇਸ ਪ੍ਰਕਾਰ ਸੱਚੇ ਧਰਮ ਨੂੰ ਹੀ ਸਾਰੇ ਪ੍ਰਾਣੀਆਂ ਲਈ ਹਮੇਸ਼ਾ ਹਿੱਤਕਾਰੀ ਸਮਝੇ"। ॥2॥

"ਜਿਵੇਂ ਰੱਥ ਚੱਕਰ ਵਿੱਚ ਰਿਹਾ ਹੋਇਆ ਛੇਤੀ ਘੁੰਮਨ ਵਾਲਾ ਆਰਾ ਸਾਰੇ ਰੱਥ ਨੂੰ ਗਤੀ ਦਿੰਦਾ ਹੈ ਜਾਂ ਜਿਸ ਪ੍ਰਕਾਰ ਬੇਲ ਦੇ ਛੇਦ ਨਸ਼ਟ ਹੁੰਦੇ ਹਨ ਇਸ ਪ੍ਰਕਾਰ ਦੇਹਧਾਰੀ ਵਿੱਚ ਸੁੱਖ ਦੁੱਖ ਹੁੰਦੇ ਹਨ"। ॥3॥

"ਸੰਸਾਰ ਦੀਆਂ ਸਾਰੀਆਂ ਆਤਮਾਵਾਂ ਲਗਾਵ ਕਾਰਨ ਘੁੰਮ ਰਹਿਆਂ ਹਨ। ਜਿਵੇਂ ਉਦੁਮਰ (ਬਰੋਟਾ) ਦਰਖਤ ਦੇ ਫਲ ਲੱਗਣ ਤੇ ਮਦਨ ਮਹੋਤਸਵ ਮਨਾਇਆ ਜਾਂਦਾ ਹੈ। ਭਾਵ ਉਸ ਦਾ ਦਰਖਤ ਦਾ ਫਲਣਾ ਫੁਲਨਾ ਵਾਸਨਾ ਦਾ ਕਾਰਨ ਹੈ"। ॥4॥

"ਅੱਗ, ਸੂਰਜ, ਚੰਦਰਮਾਂ, ਸਮੰਦਰ, ਨਦੀਆਂ, ਇੰਦਰਧਵੱਜ ਸੇਨਾ ਅਤੇ ਨਵੇਂ ਉਤਪਨ ਬੱਦਲਾਂ ਦਾ ਚਿੰਤਨ ਕਰਨਾ ਚਾਹਿਦਾ ਹੈ"। ॥5॥

"ਜਵਾਨੀ, ਰੂਪ, ਸੁੰਦਰਤਾ, ਸੁਭਾਗ, ਧਨ, ਸੰਪਤੀ ਅਤੇ ਪ੍ਰਾਣੀਆਂ ਦਾ ਜੀਵਨ ਜਲ ਵਿੱਚ ਉਤਪਨ ਹੋਏ ਬੁਲਬੁਲੇ ਦੀ ਤਰ੍ਹਾਂ ਹੈ"। ॥6॥

"ਮਹਾਂ ਰਿਧਿ ਵਾਲਾ ਇੰਦਰ, ਦਾਨਵ ਇੰਦਰ, ਅਤੇ ਬਹਾਦਰ ਨਰਿੰਦਰ ਇੱਕ ਦਿਨ ਬੇਵਸ ਹੋਕੇ ਸਮਾਪਤ ਹੋ ਜਾਂਦਾ ਹੈ"। ॥7॥

"ਅਨਿਤ ਨਾਸ਼ਵਾਨ ਜਗਤ ਵਿੱਚ ਸਾਰੇ ਪਾਸੇ ਨੀਂਦ ਅਤੇ ਆਲਸ ਜਿੰਦਗੀ ਤੇ ਵਾਰ ਕਰ ਰਹਿਆਂ ਹਨ"। ॥8॥

"ਦਵਿੰਦਰ, ਦਾਨਵਿੰਦਰ ਅਤੇ ਮਾਨਵਿੰਦਰ ਪੁੰਨ ਕਰਮ ਦੇ ਪ੍ਰਗਟ ਹੋਣ ਤੇ ਜਨਤਾ ਵਿੱਚ ਭਰਭੂਰ ਪਿਆਰ ਹਾਸਲ ਕਰਦੇ ਹਨ"। ॥9॥

"ਉਮਰ, ਧਨ, ਵਲ, ਰੂਪ, ਸੁਭਾਗ, ਸਰਲਤਾ ਅਤੇ ਨਿਰੋਗਤਾ ਅਤੇ ਪ੍ਰੇਮ ਸੰਸਾਰ ਵਿੱਚ ਭਿੰਨ ਭਿੰਨ ਰੂਪਾਂ ਵਿੱਚ ਵਿਖਾਈ ਦਿੰਦਾ ਹੈ"। ॥10॥

"ਦੇਵ ਸ਼੍ਰਿਸ਼ਟੀ, ਗੰਧਰਵ, ਪਸ਼ੂ ਲੋਕ ਅਤੇ ਮਨੁੱਖ ਸ਼੍ਰਿਸ਼ਟੀ ਇਹਨਾਂ ਵਿੱਚ ਅਨਿਤਤਾ (ਨਾਸ਼ਵਾਨਤਾ) ਸੱਭ ਪਾਸੇ ਇਕ ਸਾਰ ਭੈ ਰਹਿਤ ਹੋ ਕੇ ਘੁੰਮਦੀ ਹੈ"। ॥11॥

"ਦਾਨ, ਮਾਨ, ਉਪਚਾਰ, ਸਾਮ ਅਤੇ ਭੇਦ ਆਦਿ ਕ੍ਰਿਆਵਾਂ ਤਾਂ ਕਿ, ਤਿੰਨ ਲੋਕ ਦੀਆਂ ਸ਼ਕਤੀਆਂ ਵੀ ਮਿਲ ਕੇ ਅਨਿਤਯੱਤਾ ਨੂੰ ਰੋਕਣ ਵਿੱਚ ਅਸਮਰਥ ਹਨ"। ॥12॥

"ਉੱਚ ਹੋਵੇ ਜਾਂ ਨੀਚ, ਜਾਗਰਤ ਹੋਵੇ ਜਾਂ ਅਨਗਿਹਲੀ ਅਨਿਤਯੱਤਾ ਨੂੰ ਸਾਰੀਆਂ ਨੂੰ ਸਮਾਪਤ ਕਰ ਦਿੰਦੀ ਹੈ"। ॥13॥

"ਮੈਂ ਇਸ ਪ੍ਰਕਾਰ ਕਰਾਂਗਾ, ਉਸੇ ਪ੍ਰਕਾਰ ਹੋਵੇਗਾ" ਮਨੁੱਖ ਦੇ ਮਨ ਵਿੱਚ ਅਨੇਕਾਂ ਪ੍ਰਕਾਰ ਦੇ ਸੰਕਲਪ ਚੱਲਦੇ ਰਹਿੰਦੇ ਹਨ ਪਰ ਕਾਲ ਸੰਕਲਪਾ ਨੂੰ ਸਵਿਕਾਰ ਨਹੀਂ ਕਰਦਾ"। ॥14॥

"ਮਨੁੱਖ ਕਿਸੇ ਸਥਾਨ ਤੇ ਵੀ ਚਲਾ ਜਾਵੇ ਅਨਿਤਯੱਤਾ ਪਰਛਾਵੇਂ ਦੀ ਤਰ੍ਹਾਂ ਉਸ ਨਾਲ ਰਹਿੰਦੀ ਹੈ। ਪਰਛਾਵਾਂ ਤਾਂ ਵਿਖਾਈ ਦੇ ਸਕਦਾ ਹੈ ਪਰ ਅਨਿਤਯੱਤਾ ਵਿਖਾਈ ਨਹੀਂ ਦਿੰਦੀ"। ॥15॥

"ਕਰਮ ਦੇ ਸਦਭਾਵ ਹੋਵੇ ਤਾਂ ਜੋ ਅਨਿਯੱਤਾ ਆਤਮਾ ਦੇ ਨਾਲ ਰਹਿੰਦੀ ਹੈ ਉਹ ਅਨੇਕਾਂ ਰੂਪ ਵਿੱਚ ਪ੍ਰਗਟ ਹੁੰਦੀ ਹੈ। ਇਸ ਪ੍ਰਕਾਰ ਦੇਹਧਾਰੀਆਂ ਦੀ ਪ੍ਰਕਿਰਤੀ ਨੂੰ ਅਨਿਯੱਤਾ ਨੇ ਘੇਰ ਰੱਖਿਆ ਹੈ"। ॥16॥

"ਦੇਹਧਾਰੀ ਅਨੇਕਾਂ ਪ੍ਰਕਾਰ ਦੇ ਜੋ ਸ਼ੁਭ ਅਸ਼ੁਭ ਕੰਮ ਕਰਦੇ ਹਨ ਅਤੇ ਮਨੁੱਖ ਭਿੰਨ ਭਿੰਨ ਪ੍ਰਕਾਰ ਦੇ ਵਸਤਰ ਪਹਿਨਦੇ ਹਨ ਉਹ ਉਸੇ ਨੂੰ ਪੂਰਾ ਜੀਵਨ ਮੰਨ ਲੈਂਦੇ ਹਨ"। ॥17॥

"ਜਿਸ ਉਮਰ ਵਿੱਚ ਅਤੇ ਅਵਸਥਾ ਵਿੱਚ ਜਿਸ ਕਰਮ ਵਿੱਚ ਚਮਕ ਪ੍ਰਾਪਤ ਹੁੰਦੀ ਹੈ। ਉਸ ਕਰਮ ਦੀ ਅਜਿਹੀ ਰਚਨਾ ਹੋ ਸਕਦੀ ਹੈ ਅਤੇ ਅਜਿਹਾ ਹੀ ਸੁਣੀਆ ਜਾਂਦਾ ਹੈ"। ॥18॥

"ਭਿੰਨ ਭਿੰਨ ਪ੍ਰਕਾਰ ਦੇ ਗੋਤਾਂ ਦੇ ਵਿਕਲਪ ਆਤਮਾ ਦੇ ਕੰਮਾਂ ਤੋਂ ਬੰਣਦੇ ਹਨ। ਸੰਸਾਰ ਵਿੱਚ ਸਾਰੇ ਦੇਹਧਾਰੀਆਂ ਉਸ ਵਿੱਚ ਰਹਿੰਦੇ ਹਨ"। ॥19॥

"ਕੰਦ ਤੋਂ ਬੇਲ ਉਤਪਨ ਹੁੰਦੀ ਹੈ ਅਤੇ ਬੇਲ ਦੇ ਜਿਸ ਪ੍ਰਕਾਰ ਫਲ ਹੁੰਦੇ ਹਨ ਉਸੇ ਪ੍ਰਕਾਰ ਮੋਹ ਮੂਲ ਤੋਂ ਕਰਮ ਆਉਂਦੇ ਹਨ ਅਤੇ ਕਰਮ ਤੋਂ ਅਨਿਤਯੱਤਾ"। ॥20॥

"ਗਿਆਨ ਪ੍ਰਾਪਤ ਹੋਣ ਤੇ ਸਾਧੂ ਸ਼ੁਭ ਤੇ ਅਸ਼ੁਭ ਦਾ ਵਿਵੇਕ ਕਰਨ ਵਿੱਚ ਗਿਆਨ ਪ੍ਰਾਪਤ ਕਰੇ ਜਿਸ ਪ੍ਰਕਾਰ ਬੇਲ ਨੇ ਫਲ ਅਤੇ ਬੁਰੇ ਫਲ ਕੰਦ ਨਾਲ ਜੁੜੇ ਹੋਏ ਹਨ। ਭਾਵ ਜੇਹਾ ਕੰਦ ਹੋਵੇਗਾ ਉਹੋ ਜੇਹੀ ਹੀ ਬੇਲ ਹੋਵੇਗੀ ਅਤੇ ਉਹੋ ਜਿਹੇ ਹੀ ਚੰਗੇ ਬੁਰੇ ਫਲ ਹੋਣਗੇ"। ॥21॥

"ਅਪਣੇ ਕੀਤੇ ਕਰਮਾਂ ਦੇ ਆਦਾਨ ਭਾਵ ਦਰਵਾਜੇ ਨੂੰ ਛੇਦ ਕੇ ਪ੍ਰਾਪਤ ਕਰਮਾਂ ਨੂੰ ਭੋਗੇ, ਪ੍ਰਾਪਤ ਦਾ ਤਿਆਗ ਅਸੰਭਵ ਨਹੀਂ ਬੇਲ ਦਾ ਮੂਲ ਨਸ਼ਟ ਕਰ ਦਿੱਤਾ ਹੈ।

ਪਰ ਪਹਿਲਾਂ ਦੇ ਉਤਪਨ ਹੋਏ ਚੰਗੇ ਮਾੜੇ ਕਰਮਾਂ ਦਾ ਫਲ ਤਾਂ ਭੋਗਨਾ ਪਵੇਗਾ"। ॥22॥

"ਜਿਸ ਦੀ ਜੜ ਛਿਨ ਹੋ ਚੁਕੀ ਹੈ ਅਜਿਹੀ ਬੇਲ ਅਤੇ ਜਿਸ ਦਾ ਮੂਲ਼ ਸੁਕ ਗਿਆ ਹੈ, ਅਜਿਹੇ ਦਰਖਤ, ਦੋਨੋ ਹੀ ਨਸ਼ਟ ਹੋਣ ਵਾਲੇ ਹਨ। ਇਸ ਪ੍ਰਕਾਰ ਮੋਹ ਦੇ ਨਸ਼ਟ ਹੋਣ ਨਾਲ ਅੱਠੋਂ ਕਰਮ ਨਸ਼ਟ ਹੋ ਜਾਂਦੇ ਹਨ। ਜਿਵੇਂ ਸੇਨਾਪਤੀ ਦੇ ਪਿੱਛੇ ਹਟਦੇ ਹੀ ਸਾਰੀ ਸੇਨਾ ਦੇ ਪੈਰ ਉਖੜ ਜਾਂਦੇ ਹਨ"। ॥23॥

"ਨਸ਼ਟ ਬੀਜ, ਧੂੰਆਂ ਰਹਿਤ ਅੱਗ, ਜਿਸ ਪ੍ਰਕਾਰ ਛੇਤੀ ਸਮਾਪਤ ਹੋ ਜਾਂਦੇ ਹਨ ਇਸੇ ਪ੍ਰਕਾਰ ਮੂਲ ਦੇ ਨਸ਼ਟ ਹੋਣ ਤੇ ਕਰਮ ਵੀ ਨਸ਼ਟ ਹੋ ਜਾਂਦੇ ਹਨ। ਨਸ਼ਟ ਸ਼ਬਦ ਵਾਲਾ ਉਪਦੇਸ਼ਕ ਹੀ ਸਮਾਪਤ ਹੋ ਜਾਂਦਾ ਹੈ"। ॥24॥

"ਜਿਹਾ ਕਰਮ ਕਰੋਗੇ ਉਹੋ ਜਿਹਾ ਭੇਸ਼ ਧਾਰਨ ਕਰਨਾ ਠੀਕ ਰਹੇਗਾ। ਉਸ ਦੇ ਅਨੁਸ਼ਾਰ ਹੀ ਆਤਮਾ ਸੰਪਤੀ ਸੁੰਦਰਤਾ ਅਤੇ ਸ਼ਕਤੀ ਪਾਉਂਦਾ ਹੈ। ਜਿਵੇਂ ਨਾਟਕ ਵਿੱਚ ਰੰਗ ਮੰਚ ਤੇ ਨਟ ਭਿੰਨ ਭਿੰਨ ਭੇਸ਼ ਧਾਰਨ ਕਰ ਲੈਂਦਾ ਹੈ"। ॥25॥

"ਵਿਸ਼ਵ ਉਤਪਤੀ ਦੀ ਭਿੰਨਤਾ ਦੇਹਧਾਰੀਆਂ ਦੀ ਭਿੰਨ ਭਿੰਨ ਰੂਪਾਂ ਵਿੱਚ ਪ੍ਰਾਪਤ ਹੁੰਦੀ ਹੈ। ਸਾਰੇ ਦਰਖਤ ਅਤੇ ਬੇਲ ਭਿੰਨ ਭਿੰਨ ਫੁਲਾਂ ਅਤੇ ਫਲਾਂ ਵਾਲੇ ਹੁੰਦੇ ਹਨ ਕਿਉਂਕਿ ਉਹਨਾਂ ਦੇ ਬੀਜ ਭਿੰਨ ਹਨ"। ॥26॥

"ਮੋਹ ਭਰਪੂਰ ਆਤਮਾ ਦੁਸਰੇ ਦੇ ਲਈ ਪਾਪ ਕਰਕੇ ਹਸਦਾ ਹੈ। ਮੱਛੀ ਆਟੇ ਦੀ ਗੋਲੀ ਨੂੰ ਨਿਗਲਦੀ ਹੈ, ਪਰ ਉਸ ਦੇ ਪਿੱਛੇ ਉਸ ਦੇ ਨਾਲ ਲੱਗੇ ਕੰਡੇ ਨੂੰ ਨਹੀਂ ਵੇਖਦੀ"। ॥27॥

"ਦੂਸਰੇ ਦੀ ਘਾਤ ਵਿੱਚ ਲੱਗਾ ਹੋਇਆ ਮਨੁੱਖ ਦਰਪ, ਮੋਹ ਅਤੇ ਸ਼ਕਤੀ ਦਾ ਪ੍ਰਯੋਗ ਕਰਦਾ ਹੈ। ਬੁੱਢਾ ਸ਼ੇਰ ਕਮਜੋਰ ਪ੍ਰਾਣਾ ਵਾਲੇ ਜੀਵਾਂ ਦਾ ਘਾਤ ਕਰਦਾ ਹੈ। ਇਸੇ

ਪ੍ਰਕਾਰ ਸਵਾਰਥੀ ਮਨੁੱਖ, ਬੁੱਢੇ ਸ਼ੇਰ ਦੀ ਤਰ੍ਹਾਂ ਕਮਜੋਰ ਮਨੁੱਖਾਂ ਦਾ ਘਾਤ ਕਰਦਾ ਹੈ"। ॥28॥

"ਮੋਹ ਮਲ ਤੋਂ ਪ੍ਰੇਰਿਤ ਆਤਮਾ ਖਾਲੀ ਵਰਤਮਾਨ ਦੇ ਰਸ ਚਿੰਮੜੀ ਰਹਿੰਦੀ ਹੈ। ਮੋਹ ਨੂੰ ਚਮਕਾਉਂਣ ਵਾਲੀ ਜਵਾਲਾ ਦੇ ਪ੍ਰਕਾਸ਼ ਆਤਮਾ ਮੋਹ ਦਾ ਤੇਜ ਬੰਧਨ ਕਰਦਾ ਹੈ। ਜਿਵੇਂ ਪਾਣੀ ਵਿੱਚ ਰਿਹਾ ਹਾਥੀ ਤੇਜ ਉਤੇਜਣਾ ਪ੍ਰਾਪਤ ਕਰਦਾ ਹੈ"। ॥29॥

"ਦੁਰਬੁੱਧੀ ਆਤਮਾ ਪਹਿਲਾਂ ਅਪਣੇ ਲਈ ਪਾਪ ਕਰਦਾ ਹੈ ਅਤੇ ਬਾਅਦ ਵਿੱਚ ਦੁੱਖ ਮਹਿਸੂਸ ਕਰਦਾ ਹੈ। ਜਿਸ ਪ੍ਰਕਾਰ ਮਨੁੱਖ ਗੁੱਸੇ ਵਿੱਚ ਆਕੇ ਗੱਲ ਵਿੱਚ ਫਾਂਸੀ ਲਗਾ ਕੇ ਮੌਤ ਨੂੰ ਬੁਲਾਵਾ ਦਿੰਦਾ ਹੈ, ਸਿੱਟੇ ਵਜੋਂ ਦੁੱਖ ਤੋਂ ਬਚਣਾ ਚਾਹੁੰਦਾ ਹੈ, ਜੋ ਅਸੰਭਵ ਹੈ"। ॥30॥

"ਚੰਚਲ ਸੁੱਖ ਨੂੰ ਪ੍ਰਾਪਤ ਕਰਕੇ ਇਨਸਾਨ ਕਦੇ ਮਨੁੱਖਾਂ ਪ੍ਰਤੀ ਮੋਹ ਵਿੱਚ ਫਸਦਾ ਹੈ। ਪਰ ਸੂਰਜ ਦੀਆਂ ਕਿਰਨਾ ਤੋਂ, ਗਰਮ ਪਾਣੀ ਵਿੱਚ ਮੱਛੀ ਦੀ ਤਰ੍ਹਾਂ ਤੜਫਦਾ ਹੈ"। ॥31॥

"ਅਧਰੁਵ ਰਾਜ ਵਿੱਚ ਰਹਿੰਦਾ ਹੋਇਆ, ਆਦਮੀ ਬੇਵਸ਼ ਹੋਕੇ ਇੱਕ ਦਿਨ ਵਿਨਾਸ਼ ਨੂੰ ਪ੍ਰਾਪਤ ਹੁੰਦਾ ਹੈ। ਜਿਸ ਪ੍ਰਕਾਰ ਕੋਈ ਮਨੁਖ ਕਟੇ ਹੋਏ ਦਰਖਤ ਤੇ ਸਵਾਰ ਹੁੰਦਾ ਹੈ ਅਤੇ ਉਸ ਦਾ ਬੁਰਾ ਫਲ ਜ਼ਰੂਰ ਭੋਗਦਾ ਹੈ"। ॥32॥

"ਮੋਹ ਦੇ ਪ੍ਰਗਟ ਹੋਣ ਤੇ ਆਤਮਾ ਬੇਕਾਰ ਵਿੱਚ ਇੱਕ ਦੂਸਰੇ ਪ੍ਰਤਿ ਦਵੇਸ਼ ਕਰਦੀ ਹੈ। ਜਿਵੇਂ ਕੱਟੇ ਕੰਨ ਵਾਲਾ ਆਦਮੀ, ਕੱਟੀ ਨੱਕ ਵਾਲੇ ਨੂੰ ਵੇਖ ਕੇ ਹੱਸਦਾ ਹੈ"। ॥33॥

"ਮੋਹ ਵਿੱਚ ਫੰਸਿਆ ਆਤਮਾ ਮੰਦ ਮੋਹ ਸ਼ੀਲ ਵਿਅਕਤੀ ਦਾ ਮਜਾਕ ਉੜਾਉਂਦਾ ਹੈ। ਜਿਵੇਂ ਸੋਨੇ ਦੇ ਗਹਿਣੇ ਪਾਉਣ ਵਾਲਾ ਲਾਖ ਦੇ ਗਹਿਣੇ ਪਾਉਣ ਵਾਲੇ ਦਾ ਮਜਾਕ ਉਡਾਉਂਦਾ ਹੈ"। ॥34॥

"ਮੋਹ ਵਿੱਚ ਫੰਸੀ ਆਤਮਾ ਮੋਹ ਵਾਲੇ ਮਨੁੱਖਾਂ ਦੇ ਵਿੱਚ ਹੀ ਖੇਡਦੀ ਹੈ, ਜਿਵੇਂ ਮੋਹ ਵਿੱਚ ਫੰਸੀਆ ਵਿੱਅਕਤੀ ਘਰ ਵਿੱਚ ਹੀ ਫਸਿਆ ਰਹਿੰਦਾ ਹੈ"। ॥35॥

"ਦੇਹਧਾਰੀ ਆਤਮਾ ਕਰਮ ਬੰਣਦਾ ਹੈ ਅਤੇ ਨਿਰਜਰਾ (ਕਰਮ ਝਾੜਨ ਦੀ ਪ੍ਰਕ੍ਰਿਆ) ਕਰਦਾ ਹੈ। ਪਰ ਇਸ ਪ੍ਰਕ੍ਰਿਆ ਨਾਲ ਕਰਮ ਪ੍ਰੰਪਰਾ ਸਮਾਪਤ ਨਹੀਂ ਹੁੰਦੀ। ਪਾਣੀ ਦੀ ਘੜੀ ਦੀ ਤਰ੍ਹਾਂ ਇਹ ਸਿਲਸਲਾ ਚੱਲਦਾ ਰਹਿੰਦਾ ਹੈ"। ॥36॥

"ਆਤਮਾ ਵਿੱਚਿਤਰ ਕਰਮਾ ਦੇ ਰਾਹੀਂ ਬੰਨੀਆਂ ਹੁੰਦਾ ਹੈ ਅਤੇ ਮੁਕਤ ਵੀ ਹੁੰਦਾ ਹੈ, ਭਾਵ ਰੱਸੀ ਦੇ ਬਨਿਆ ਹੋਇਆ ਤਜਰਬੇ ਤੋਂ ਪ੍ਰੇਰਿਤ ਹੁੰਦਾ ਹੈ"। ॥37॥

"ਇੰਦਰੀਆਂ ਜੇਤੂ ਆਤਮਾ ਕਰਮ ਉਤਪਤੀ ਦੀ ਵਿਚਿਤੱਰਤਾ ਨੂੰ ਸਹੀ ਪ੍ਰਕਾਰ ਜਾਣੇ ਅਤੇ ਕਰਮ ਰੂਪੀ ਸੰਤਾਨ ਤੋਂ ਮੁਕਤ ਹੋਣ ਲਈ ਸਮਾਧੀ (ਸੱਚਾ ਆਤਮਿਕ ਸੁੱਖ) ਨੂੰ ਪ੍ਰਾਪਤ ਕਰੇ"। ॥38॥

"ਸੰਸਾਰ ਦੇ ਸੱਭ ਦੇਹਧਾਰੀਆਂ ਨੂੰ ਦ੍ਰਵ ਖੇਤਰ ਕਾਲ ਅਤੇ ਭਾਵ ਤੋਂ ਨਿੱਤ ਅਤੇ ਅਨਿਤੱਯਤਾ ਰੂਪ ਵਿੱਚ ਜਾਣੇ"। ॥39॥

"ਸਰਵਗ ਮਾਰਗ ਦੇ ਪਿਛੇ ਲੱਗਣ ਵਾਲੇ ਜੀਵ ਤਿੰਨ ਲੋਕ ਵਿੱਚ ਰੋਗ ਰਹਿਤ ਅਚਲ (ਸਿੱਧ ਸਥਾਨ) ਉਤਮ ਸਥਾਨ ਨੂੰ ਪ੍ਰਾਪਤ ਕਰਦੇ ਹਨ"। ॥40॥

ਇਸ ਪ੍ਰਕਾਰ ਹਰੀਗਿਰੀ ਅਰਹਤ ਰਿਸ਼ਿ ਨੇ ਆਖਿਆ ਹੈ।

*************

ਟਿਪਨੀ: ਇਹ ਅਰਥ ਡਾ: ਸੁਵਰਿੰਗ ਦੀ ਟੀਕਾ ਤੇ ਅਧਾਰਤ ਹੈ।

## ਪੱਚੀਵਾਂ ਅਧਿਐਨ (ਅੰਬੜ ਅਰਿਹਤ ਰਿਸ਼ਿ ਭਾਸ਼ਿਤ)

ਅੰਬੜ ਪਰਿਵਰਾਜਕ ਯੋਗੰਦਨਰਾਇਣ ਨੂੰ ਇਸ ਪ੍ਰਕਾਰ ਆਖਦੇ ਹਨ, "ਮੈਨੂੰ ਗਰਭ ਅਵਸਥਾ ਤੋਂ ਹੀ ਸੰਸਾਰ ਤੋਂ ਵਿਰਕਤੀ ਹੈ। ਹੇ ਬ੍ਰਹਮਚਾਰੀ! ਤੁਹਾਨੂੰ ਸੰਸਾਰ ਤੋਂ ਵਿਰਕਤੀ ਕਿਉਂ ਨਹੀਂ ਹੈ"

ਤੱਦ ਯੋਗੰਦਨਰਾਇਣ ਅੰਬੜ ਸੰਨਿਆਸੀ ਨੂੰ ਇਸ ਪ੍ਰਕਾਰ ਆਖਣ ਲੱਗਾ, "ਹਿੰਸਾ ਪਾਪ ਆਦਿ ਪਾਪ ਕਰਮ ਵਿੱਚ ਫੰਸੇ ਹੋਏ ਮਨੁੱਖ, ਇਹਨਾਂ ਕਰਮਾ ਦੇ ਦਰਵਾਜੀਆਂ ਰਾਹੀਂ ਪਾਪ ਕਰਮ ਇਕੱਠੇ ਕਰਦੇ ਹਨ। ਉਹ ਪਾਪ ਕਰਮਾ ਵਿੱਚ ਫੰਸੀ ਹੋਈ ਆਤਮਾ ਨਾਲ ਬੰਨੇ ਹੋਏ, ਮਾਤ ਗਰਭ ਵਿੱਚ ਜਾਂਦੀ ਹੈ। ਉਹ ਆਪ ਜੀਵਾਂ ਦੀ ਹਿੰਸਾ ਕਰਦੇ ਹਨ ਅਤੇ ਦੁਸਰੀਆਂ ਤੋਂ ਕਰਵਾਉਂਦੇ ਹਨ"।

"ਜੋ ਦੁਸਰੇ ਪ੍ਰਾਣੀਆਂ ਦੀ ਹਿੰਸਾ ਕਰਦੇ ਹਨ ਉਸ ਦੇ ਲਈ ਪ੍ਰੇਰਣਾ ਦਿੰਦੇ ਹਨ ਉਸ ਹਿੰਸਾ ਦੀ ਹਮਾਇਤ ਕਰਦੇ ਹਨ, ਉਹ ਖੁਦ ਝੂੱਠ ਬੋਲਦੇ ਹਨ ਦੂਸਰੇ ਨੂੰ ਅਜਿਹਾ ਕਰਨ ਲਈ ਪ੍ਰੇਰਦੇ ਹਨ, ਜੋ ਵਰਤਾਂ ਵਿੱਚ ਦਰਿੜ ਨਹੀਂ ਅਤੇ ਪਾਪ ਨੂੰ ਰੋਕਣ ਵਿੱਚ ਤਿਆਗ ਨਹੀਂ ਕਰਦੇ, ਚੋਰੀ ਵੀ ਕਰਦੇ ਹਨ, ਦੂਸਰੇ ਨੂੰ ਅਜਿਹਾ ਕਰਨ ਦੀ ਪ੍ਰੇਰਣਾ ਦਿੰਦੇ ਹਨ, ਅਜਿਹਾ ਕਰਨ ਵਾਲੇ ਦੀ ਹਮਾਇਤ ਕਰਦੇ ਹਨ। ਇਸੇ ਪ੍ਰਕਾਰ ਖੁਦ ਪਰਿਗ੍ਰਹਿ ਅਤੇ ਵਿਭਚਾਰ ਨੂੰ ਗ੍ਰਹਿਣ ਕਰਦੇ ਹਨ। ਇਸ ਪ੍ਰਕਾਰ ਕਾਮ ਭੋਗ ਅਤੇ ਪਰਿਗ੍ਰਹਿ ਨੂੰ ਇਕੱਠਾ ਕਰਕੇ ਉਸ ਦੀ ਪ੍ਰੇਰਣਾ ਦਿੰਦੇ ਹਨ"।

"ਇਸੇ ਪ੍ਰਕਾਰ ਉਹ ਸੰਜਮੀ, ਵਰਤ ਰਹਿਤ, ਪਾਪ ਤਿਆਗ ਰਹਿਤ, ਕਰਮਸ਼ੀਲ, ਆਤਮਾਵਾਂ ਜੋ ਇਕਾਂਤ ਵਿੱਚ ਨਿਸ਼ਚਿਤ ਹੀ ਦੰਢ ਵਾਲੀਆਂ ਹੁੰਦੀਆ ਹਨ। ਅਗਿਆਣਸ਼ੀਲ ਹੁੰਦੀਆਂ ਹਨ, ਪਾਪ ਕਰਮ ਵਿੱਚ ਡੁੱਬੀਆਂ ਹੁੰਦੀਆਂ ਹਨ। ਉਹ ਮਰਨ ਤੋਂ ਬਾਅਦ ਦੁਰਗਤੀ ਨੂੰ ਪ੍ਰਾਪਤ ਕਰਦੇ ਹਨ ਇਹੋ ਆਤਮਾ ਦੀ ਸੱਭ ਤੋਂ ਵੱਡੀ ਹਾਰ ਹੈ"।

"ਜੋ ਆਰਿਆ ਆਤਮਾਵਾਂ ਪਾਪ ਕਰਮ ਤੋਂ ਮੁਕਤ ਹਨ। ਉਹ ਗਰਭ ਜੂਨ ਵਿਚ ਨਹੀਂ ਆਉਂਦੀਆਂ ਉਹ ਅਪਣੇ ਪ੍ਰਾਣਾ ਨੂੰ ਕਸ਼ਟਾਂ ਵਿੱਚ ਨਹੀਂ ਪਾਉਂਦੀਆਂ ਉੱਪਰ ਲਿਖੇ ਵਰਨਣ ਦੇ ਉਲੱਟ ਉਹਨਾਂ ਦਾ ਜੀਵਨ ਠੀਕ ਪ੍ਰਕਾਰ ਦਾ ਹੁੰਦਾ ਹੈ। ਭਾਵ ਕਿਰਿਆ ਰਹਿਤ ਹੁੰਦਾ ਹੈ, ਉਹ ਇਕ ਤਰ੍ਹਾਂ ਨਾਲ ਸੱਚੇ ਪੰਡਿਤ (ਵਿਦਵਾਨ) ਹੁੰਦੇ ਹਨ, ਰਾਗ ਦਵੇਸ਼ ਤੋਂ ਰਹਿਤ ਹੁੰਦੇ ਹਨ। ਤਿੰਨ ਗੁਪਤੀਆਂ (ਮਨ, ਵਚਨ ਅਤੇ ਕਾਇਆ) ਤੋਂ ਗੁਪਤ ਹੁੰਦੇ ਹਨ। ਮਨ ਆਦਿ ਦੇ ਤਿੰਨ ਦੰਢਾਂ ਤੋਂ ਮੁਕਤ ਹੁੰਦੇ ਹਨ। ਆਗਮ ਵਿੱਚ ਦੱਸਿਆਂ ਮਾਇਆ ਨਿਦਾਨ ਅਤੇ ਮਿੱਥੀਆ ਦਰਸ਼ਨ ਦੇ ਕੰਡੇ ਤੋਂ ਮੁਕਤ ਹੁੰਦੇ ਹਨ। ਭਾਵ ਉਹ ਗਲਤ ਵਿਸ਼ਵਾਸ਼ਾ ਵਿੱਚ ਅਪਣੀ ਆਤਮਾ ਨੂੰ ਨਹੀਂ ਫੰਸਾਉਂਦੇ। ਉਹ ਆਤਮ ਸੁਭਾਵ ਦੇ ਰੱਖਿਅਕ ਹੁੰਦੇ ਹਨ। ਜਿਹਨਾਂ ਨੇ ਚਾਰ ਕਸ਼ਾਏ (ਕਰੋਧ, ਮਾਨ, ਮਾਇਆ ਅਤੇ ਲੋਭ) ਤੇ ਜਿੱਤ ਹਾਸਲ ਕੀਤੀ ਹੈ। ਉਹ ਚਾਰ ਵਿਕੱਥਾ ਤੋਂ (ਰਾਜ, ਦੇਸ਼, ਭੌਜਨ ਅਤੇ ਇਸਤਰੀ ਦੀ ਕਥਾ) ਤੋਂ ਮੁਕਤ, ਮਹਾਂ ਵਰਤ (ਅਹਿੰਸ਼ਾ, ਸੱਚ, ਚੋਰੀ ਨਾ ਕਰਨਾ, ਬ੍ਰਹਮਚਾਰਿਆ ਅਤੇ ਅਪਰਿਗ੍ਰਹਿ) ਵਾਲੇ, ਪੰਜ ਇੰਦਰੀਆਂ ਨੂੰ ਕਾਬੂ ਰੱਖਣ ਵਾਲੇ ਅਤੇ ਛੇ ਪ੍ਰਕਾਰ ਦੇ ਜੀਵਾਂ ਦੇ ਰੱਖਿਅਕ ਹੁੰਦੇ ਹਨ। ਸੱਤ ਪ੍ਰਕਾਰ ਦੇ ਡਰ ਤੋਂ ਮੁਕਤ ਅਤੇ ਭੈ ਮੁਕਤ ਹੁੰਦੇ ਹਨ। ਅੱਠ ਪ੍ਰਕਾਰ ਦੇ ਮੱਦ ਸਥਾਨਾਂ ਤੋਂ (ਜਾਤੀ, ਕੁਲ, ਵੱਲ, ਰੂਪ, ਲਾਭ, ਤੱਪ, ਸੂਤਰ ਗਿਆਨ ਅਤੇ ਸੱਤਾ) ਤੋਂ ਮੁਕਤ ਬ੍ਰਹਮਚਾਰਿਆ ਦੇ ਨੌਂ ਪ੍ਰਕਾਰ ਨਾਲ ਜੀਵਨ ਨੂੰ ਸੁਰੱਖਿਅਤ ਕਰਦੇ ਹਨ ਨਾਲ ਹੀ ਦਸ ਪ੍ਰਕਾਰ ਦੇ ਸਮਾਧੀ ਸਥਾਨਾਂ ਨੂੰ ਪ੍ਰਾਪਤ ਕਰਕੇ ਮਨ ਨੂੰ ਸਮਾਧੀ ਵਿੱਚ ਲਗਾਉਂਦੇ ਹਨ। ਅਜਿਹੀਆਂ ਆਤਮਾਵਾਂ ਪਾਪ ਕਰਮ ਅਤੇ ਪਾਪਾਂ ਦੀ ਕਾਰਕ ਨੂੰ ਦੂਰ ਕਰਕੇ ਇਸ ਸੰਸਾਰ ਤੋਂ ਅੰਤ ਸਮੇਂ ਚੰਗੀ ਗਤੀ ਨੂੰ ਪ੍ਰਾਪਤ ਕਰਦੇ ਹਨ"।

"ਹੇ ਭਗਵਾਨ ਅੰਬੜ! ਸ਼ਾਸਤਰ ਅਨੁਸਾਰ ਜੀਵਨ ਚਲਾਉਣ ਵਾਲੇ ਸਾਧਕ ਘੱਟ ਕਸ਼ਾਏ ਵਾਲੇ ਅਤੇ ਇੰਦਰੀਆਂ ਦੇ ਜੇਤੂ ਹੁੰਦੇ ਹਨ ਸ਼ਰੀਰ ਦੇ ਧਾਰਨ ਕਰਨ ਲਈ

ਯੋਗ ਸਾਧਨਾ ਦੇ ਲਈ ਨਵ ਕੋਟੀ ਸ਼ੁਧ ਭੋਜਨ ਕਰਦੇ ਹਨ। ਇਹ ਭੋਜਨ ਭਿੱਖਿਆ ਰਾਹੀਂ ਪ੍ਰਾਪਤ ਕੀਤਾ ਜਾਂਦਾ ਹੈ ਜੋ ਦਸ ਦੋਸ਼ਾਂ ਤੋਂ ਰਹਿਤ ਹੁੰਦਾ ਹੈ। 16 ਉਦਗਮ, 16 ਉਤਪਾਦ ਦੇ ਦੋਸ਼ਾਂ ਤੋਂ ਵਰਜਤ ਹੈ। ਅਨਜਾਨ ਕੁਲਾਂ ਤੋਂ ਦੂਸਰੇ ਲਈ ਬਣਾਇਆ ਹੁੰਦਾ ਹੈ। ਜਿਸ ਦੀ ਅੱਗ ਬੁੱਝ ਚੁੱਕੀ ਹੈ ਅਤੇ ਧੂਆਂ ਵੀ ਸ਼ਾਂਤ ਹੈ, ਅਜਿਹੇ ਨਿਰਦੋਸ਼ ਭੋਜਨ ਵਿਸਤਰਾ ਅਤੇ ਫੱਟਾ ਨੂੰ ਖੋਜਣ ਵਾਲੇ ਮੁਨੀ ਸੁੰਦਰ ਇਸਤਰੀਆਂ ਪ੍ਰਤੀ ਕਾਮ ਭੋਗ ਦੀ ਭਾਵਨਾ ਨਹੀਂ ਰੱਖਦਾ ਜੋ ਉਚਿੱਤ ਵਿਨੈ ਵਿੱਚ ਕੁਸ਼ਲ ਹੈ। ਸੁੰਦਰ, ਮਿੱਠੇ ਅਤੇ ਮਿੱਠਾ ਬੋਲਣ ਵਾਲੀਆਂ ਸੁੰਦਰ ਇਸਤਰੀਆਂ ਦੇ ਹਾਅ ਭਾਅ ਅਤੇ ਅੰਗਾਂ ਪ੍ਰਤੀ ਹਾਸਾ ਮਜਾਕ ਜਾਂ ਚੰਗਾ ਮਾੜਾ ਵਚਨ ਨਹੀਂ ਬੋਲਦੇ ਅਤੇ ਉਹਨਾਂ ਪ੍ਰਤੀ ਪ੍ਰਭਾਵਿਤ ਨਹੀਂ ਹੁੰਦੇ"।

ਪ੍ਰਸ਼ਨ: ਇਹ ਵੀਤ ਰਾਗ ਤੱਕ ਕਿਸ ਤਰ੍ਹਾਂ ਹੋਈ? ਕਿਉਂਕਿ ਬਹੁਤ ਸਾਰੇ ਰਾਗ ਰਹਿਤ ਅਜਿਹੇ ਵੀ ਹੁੰਦੇ ਹਨ ਜਿਹਨਾਂ ਨੇ ਮੋਹ ਨੂੰ ਹਰਾ ਦਿੱਤਾ ਹੈ, ਸ਼ਾਂਤ ਕਰ ਦਿੱਤਾ ਹੈ, ਉਹ ਇੱਥੇ ਹੋਰ ਜਗ੍ਹਾ ਅਨਜਾਣ ਕੁਲਾਂ ਦਾ ਭੋਜਨ ਕਰਦੇ ਹਨ ਅਤੇ ਸੁੰਦਰ ਇਸਤਰੀਆਂ ਨੂੰ ਵੇਖ ਕੇ ਵੀ ਪਾਪ ਜਾਗਰਤ ਨਹੀਂ ਹੁੰਦਾ। ਅਜਿਹਾ ਕਿਵੇਂ ਹੋ ਸਕਦਾ ਹੈ?

ਉੱਤਰ: ਜਿਵੇਂ ਜੜ ਨੂੰ ਨਸ਼ਟ ਕਰ ਦੇਣ ਤੇ ਦਰਖਤ ਨਸ਼ਟ ਹੋ ਜਾਂਦਾ ਹੈ, ਫੁੱਲ ਨੂੰ ਨਸ਼ਟ ਕਰਨ ਤੇ ਫਲ ਅਪਣੇ ਆਪ ਨਸ਼ਟ ਹੋ ਜਾਂਦਾ ਹੈ। ਜੇ ਤਾੜ ਦੇ ਪੱਤੇ ਦੇ ਵਿੱਚ ਸੁਈ ਵਰਗਾ ਵੀ ਛੇਦ ਕਰ ਦਿਤਾ ਜਾਵੇ ਤਾਂ ਉਸ ਵਿੱਚ ਵਾਧਾ ਨਹੀਂ ਹੋ ਸਕਦਾ। ਜਿਸ ਨੇ ਵਾਸਨਾ ਦੀ ਜੜ ਨੂੰ ਨਸ਼ਟ ਕਰ ਦਿੱਤਾ ਹੈ ਉਸ ਦੇ ਮਨ ਵਿੱਚ ਵਾਸਨਾ ਦਾ ਅੰਕੁਰ ਨਹੀਂ ਫੁਟਦਾ।

ਪ੍ਰਸ਼ਨ: ਇਹ ਸਾਧਨਾ ਕਿਵੇਂ ਸੰਭਵ ਹੈ?

ਉੱਤਰ: ਜਿਸ ਪ੍ਰਕਾਰ ਹਾਥੀ ਵਿਸ਼ਾਲ ਦਰਖਤ ਨੂੰ ਗਿਰਾ ਸਕਦਾ ਹੈ। ਉਸੇ ਪ੍ਰਕਾਰ ਸਾਧੂ ਕਾਮ ਸਾਧਨਾ ਰੂਪੀ ਦਰਖਤ ਨੂੰ ਨਸ਼ਟ ਕਰ ਦਿੰਦਾ ਹੈ। ਇਸ ਲਈ ਸਾਧੂ ਉਸ ਤੋਂ ਬੱਚਕੇ ਤੇਲ ਨਾਲ ਭਰੇ ਭਾਂਡੇ ਦੀ ਤਰ੍ਹਾਂ ਅਣਗਹਿਲੀ ਰਹਿਤ ਘੁੰਮਦਾ ਹੈ। ਭੌਤਿਕ ਸੁਖਾਂ

ਵਿੱਚ ਕਿੰਪਾਕ ਫਲ ਦੀ ਛਾਇਆ ਦੇਖਦਾ ਹੈ। ਜਿਵੇਂ ਇੱਕ ਸਾਰਥੀ ਧੂਰੇ ਦੀ ਗੱਲ ਕਰਦਾ ਹੈ, ਕਿ ਜੇ ਇਹ ਨਹੀਂ ਟੁੱਟੇਗਾ ਤਾਂ ਹੀ ਮੇਰਾ ਬੋਝ ਢੋਈਆ ਜਾਏਗਾ। ਇਸੇ ਉਦਾਹਰਨ ਨੂੰ ਮੁਨੀ ਭੋਜਨ ਦੇ ਮਾਮਲੇ ਵਿੱਚ ਗ੍ਰਹਿਣ ਕਰੇ। ਸ਼੍ਰਮਨ ਨਿਰਗ੍ਰੰਥ ਛੇ ਥਾਵਾਂ ਤੋਂ, ਛੇ ਕਾਰਨਾ ਕਰਕੇ ਭੋਜਨ ਕਰਦੇ ਹੋਏ ਅਪਣੇ ਮੁਨੀ ਧਰਮ ਦਾ ਉਲੰਘਨ ਨਹੀਂ ਕਰਦੇ ਉਹ ਕਾਰਨ ਹਨ। ਵੇਦਨਾ, ਸੇਵਾ, ਈਰੀਆ ਸਮਿਤੀ, ਸੰਜਮ, ਪ੍ਰਾਣ ਰੱਖਿਆ ਅਤੇ ਧਰਮ ਚਿੰਤਨ"।

"ਜਿਵੇਂ ਲਾਖ ਦਾ ਕੰਮ ਕਰਨ ਵਾਲਾ ਕੋਲੇ ਦੀ ਅੱਗ ਜਲਾਉਂਦਾ ਹੈ ਅਤੇ ਸੋਚਦਾ ਹੈ, ਕਿ ਇਹ ਅੱਗ ਬੁੱਝ ਨਾ ਜਾਵੇ ਉਸ ਤੋਂ ਪਹਿਲਾਂ ਮੈਂ ਇਹ ਸਾਰੀ ਲਾਖ ਤਪਾ ਲਵਾਂਗਾ। ਇਸੇ ਉਦਾਹਰਨ ਨਾਲ ਮੁਨੀ ਦਾ ਭੋਜਨ ਸੀਮਤ ਕੀਤਾ ਗਿਆ ਹੈ। ਸ਼੍ਰਮਣ ਨਿਰਗ੍ਰੰਥ ਛੇ ਕਾਰਨਾਂ ਕਰਕੇ ਭੋਜਨ ਕਰਦੇ ਹੋਏ ਮੁਨੀ ਧਰਮ ਦੀ ਉਲੰਘਣਾ ਨਹੀਂ ਕਰਦੇ ਉਹ ਕਾਰਨ ਹਨ: ਵੇਦਨਾ ਤੋਂ ਲੈ ਕੇ ਧਰਮ ਚਿੰਤਨ ਤੱਕ"।

"ਜਿਵੇਂ ਕੋਈ ਪ੍ਰਾਣੀ ਗੰਨੇ ਦੇ ਰਸ ਹੇਠ ਅੱਗ ਜਲਾਉਂਦਾ ਹੈ ਅਤੇ ਸੋਚਦਾ ਹੈ ਅੱਗ ਕਿਤੇ ਬੁਝ ਨਾ ਜਾਵੇ ਇਸ ਲਈ ਤੱਦ ਤੱਕ ਗੰਨੇ ਦੇ ਰੱਸ ਨੂੰ ਗਰਮ ਕਰਾਂਗਾ। ਉਸੇ ਪ੍ਰਕਾਰ ਸ਼੍ਰਮਣ ਨਿਰਗ੍ਰੰਥ ਭੋਜਨ ਦਾ ਸੇਵਨ ਕਰਦੇ ਹਨ"।

ਇਸ ਪ੍ਰਕਾਰ ਅੰਬੜ ਅਰਿਹਤ ਰਿਸ਼ਿ ਨੇ ਆਖਿਆ।

## ਛੱਬੀਵਾਂ ਅਧਿਐਨ (ਮਾਤੰਗ ਅਰਿਹਤ ਰਿਸ਼ਿ ਭਾਸ਼ਿਤ)

ਪ੍ਰਸ਼ਨ: ਉਸ ਮਹਾਂ ਮੁਨੀ ਨੇ ਕਿੰਨੇ ਪ੍ਰਕਾਰ ਦਾ ਧਰਮ ਆਖਿਆ ਹੈ?

ਉੱਤਰ: ਹੇ ਆਯੂਸ਼ਮਾਨ! ਤੂੰ ਮੇਰੇ ਪਾਸੋਂ ਸੁਣ ਬ੍ਰਾਹਮਣ ਵਰਨ ਵਾਲੇ ਸ਼੍ਰਾਵਕ ਕਿਉਂ ਯੁੱਧ ਸਿੱਖਦੇ ਹਨ। ॥1॥

"ਜੇ ਰਾਜਾ ਅਤੇ ਬਾਣੀਏ ਲੋਕ, ਜੋ ਯੱਗ ਆਦਿ ਕ੍ਰਿਆਕਾਂਡ ਕਰਵਾਉਂਣ ਲੱਗ ਜਾਣ ਅਤੇ ਬ੍ਰਾਹਮਣ ਵਰਨ ਵਾਲੇ ਜੇ ਹਥਿਆਰ ਚਲਾਉਣ ਵਾਲੇ ਹੋ ਜਾਣ, ਤਾਂ ਅਜਿਹਾ ਹੋਵੇਗਾ ਕਿ ਜਿਵੇਂ ਅੰਨਿਆ ਦਾ ਮੇਲ ਹੋਵੇ"। ॥2॥

"ਕੁੱਝ ਬ੍ਰਾਹਮਣ ਰਾਜ ਰੱਥ ਤੇ ਸਵਾਰ ਹੋ ਕੇ ਸੈਨਾ ਦੇ ਨਾਲ ਯੁੱਧ ਕਰਦੇ ਹਨ ਪਰ ਬ੍ਰਹਮ ਵਿਰਤੀ ਦੇ ਪਾਲਕ ਅਪਣੇ ਗਿਆਨ ਰਾਹੀਂ, ਇਸ ਹਿੰਸਾਤਮਕ ਕ੍ਰਿਆ ਨੂੰ ਬੰਦ ਕਰ ਦਿੰਦੇ ਹਨ"। ॥3॥

"ਧਨੁਸ਼ ਅਤੇ ਰੱਥ ਵਾਲੇ ਬ੍ਰਾਹਮਣ ਨਹੀਂ ਹੋ ਸਕਦੇ। ਸੱਚਾ ਬ੍ਰਾਹਮਣ ਕਦੇ ਸ਼ਸਤਰ ਧਾਰੀ ਨਹੀਂ ਹੋ ਸਕਦਾ। ਬ੍ਰਾਹਮਣ ਨਾ ਝੂੱਠ ਬੋਲੇ, ਨਾ ਚੋਰੀ ਕਰੇ"। ॥4॥

"ਬ੍ਰਾਹਮਣ ਕਦੇ ਕਾਮ ਭੋਗ ਦਾ ਸੇਵਨ ਨਾ ਕਰੇ ਅਤੇ ਸਗ੍ਰਿਹ ਵੀ ਨਾ ਕਰੇ, ਧਰਮ ਦੇ ਭਿੰਨ ਭਿੰਨ ਅੰਗਾਂ ਦੇ ਵਿੱਚ ਸਥਿਰ ਹੋ ਕੇ ਧਿਆਨ ਅਤੇ ਅਧਿਐਨ ਪ੍ਰਤੀ ਹਮੇਸ਼ਾ ਜਾਗਰੂਕ ਰਹੇ"। ॥5॥

"ਜਿਸ ਦੀਆਂ ਇੰਦਰੀਆਂ ਕਾਬੂ ਵਿੱਚ ਹਨ, ਜੋ ਸੱਚ ਦੀ ਖੋਜ ਕਰਦਾ ਹੈ ਉਹ ਹੀ ਬ੍ਰਾਹਮਣ ਹੈ। ਸ਼ੀਲ ਦੇ ਭਿੰਨ ਭਿੰਨ ਅੰਗਾਂ ਵਿੱਚ ਜਿਸ ਨੇ ਅਪਣੇ ਮੰਨ ਨੂੰ ਲਗਾ ਰੱਖਿਆ ਹੈ। ਉਹ ਸ਼ੀਲਦ੍ਰਸ਼ਟਾ ਹੀ ਬ੍ਰਾਹਮਣ ਹੈ"। ॥6॥

"ਛੇ ਪ੍ਰਕਾਰ ਦੇ ਜੀਵਾਂ ਦੇ ਪ੍ਰਤੀ ਜਿਸ ਦੇ ਮਨ ਵਿੱਚ ਕਲਿਆਣ ਦੀ ਕਾਮਨਾਂ ਹੈ। ਪ੍ਰਾਣੀ ਮਾਤਰ ਲਈ ਜਿਸ ਦੇ ਮਨ ਵਿੱਚ ਦਿਆ ਦੀ ਧਾਰਾ ਵਹਿੰਦੀ ਹੈ। ਜਿਸ ਦੀ ਆਤਮਾ ਸ਼ੁੱਧ ਹੈ ਉਹ ਹੀ ਬ੍ਰਾਹਮਣ ਹੈ"। ॥7॥

"ਬ੍ਰਾਹਮਣ ਦਿਵ ਖੇਤੀ ਕਰੇ, ਪਰ ਪਾਣੀ ਦੀਆਂ ਕਿਆਰੀਆਂ ਨਾ ਬਣਾਵੇ" ਮਾਤੰਗ ਅਰਿਹਤ ਰਿਸ਼ਿ ਨੇ ਇਸ ਪ੍ਰਕਾਰ ਆਖਿਆ।

"ਆਤਮਾ ਖੇਤ ਹੈ, ਤੱਪ ਬੀਜ ਹੈ ਅਤੇ ਸੰਜਮ ਹੱਲ ਦੇ ਸਮਾਣ ਹੈ, ਧਿਆਨ ਰੂਪੀ ਫਾਲੇ ਨਾਲ ਸੰਬਰ ਰੂਪੀ ਬੀਜ ਆਤਮ ਖੇਤੀ ਵਿੱਚ ਬੀਜੇ"। ॥8॥

"ਧੋਖੇ ਬਾਜ ਪ੍ਰਾਣੀਆਂ ਵਿਚੋਂ ਧੋਖੇ ਰਹਿਤ ਹੋ ਕੇ ਰਹਿਣਾ ਅਤੇ ਜੋ ਵਿਨੈ ਧਰਮ ਵਿੱਚ ਸਥਿਤ ਹੈ। ਤੱਪ ਜਿਸ ਦੇ ਲਈ ਹੱਲ ਹੈ, ਦਿਆ ਅਤੇ ਗੁਪਤੀ ਰੱਸੀ ਹੈ"। ॥9॥

"ਸਮਿੱਅਕਤਵ ਮੋਕਸ਼ ਦਾ ਬੀਜ ਹੈ ਸਮਿਤੀ ਸ਼ਮੀਲਾ ਸਮੋਲ (ਪੰਜ ਸਮਿਤਿਆਂ) ਹੈ। ਗਿਆਨ ਦੀ ਜੋਤ ਉਹ ਰੱਸੀ ਜੋ ਬਲਦ ਜਾਂ ਘੋੜੇ ਨੂੰ ਜੋਤਨ ਵਿੱਚ ਇਸਤਮਾਲ ਹੁੰਦੀ ਹੈ। ਸਰਵੱਗਾਂ ਦੇ ਵਚਨ ਪ੍ਰਤੀ ਜੋ ਜੁੜੀਆ ਹੋਇਆ ਹੈ"। ॥10॥

"ਸ਼ਾਂਤ, ਦਾਂਤ ਅਤੇ ਇੰਦਰੀਆਂ ਜੇਤੂ ਬ੍ਰਾਹਮਣ ਦੇ ਲਈ ਦਮਨ ਕੀਤੀਆਂ ਗਈਆਂ ਉਸ ਦੀਆਂ ਪੰਜੇ ਇੰਦਰੀਆਂ ਉਸ ਲਈ ਗੋਵਤਸ ਹੈ। ਜਿਸ ਰਾਹੀਂ ਉਹ ਅਧਿਆਤਮਕ ਖੇਤੀ ਕਰਦਾ ਹੈ"। ॥11॥

"ਤੱਪ ਹੀ ਉਸ ਖੇਤੀ ਦਾ ਨਾ ਖਤਮ ਹੋਣ ਵਾਲਾ ਬੀਜ ਹੈ ਅਤੇ ਦੂਸਰੇ ਦੇ ਭਲੇ ਦਾ ਖਾਤਮਾ ਨਾ ਕਰਨ ਵਾਲਾ ਅਹਿੰਸਕ ਧੰਦਾ ਹੀ ਉਸ ਦਾ ਸੱਚਾ ਧੰਨ ਹੈ। ਅਹਿੰਸਾ ਦੀ ਸਾਧਨਾ ਜੁਤੇ ਬੈਲਾਂ ਦਾ ਜੋੜਾ ਹੈ"। ॥12॥

"ਸਹਾਰੇ ਦੇ ਲਈ ਹੋਂਸਲਾ ਹਿੱਕੇ ਦੇ ਸਮਾਣ ਹੈ। ਨਿਸ਼ਚਲ ਸ਼ਰਧਾ ਮੇਢੀ ਹੈ ਜਿਸ ਦਾ ਜੀਵਨ ਭਾਵਨਾ ਰਾਹੀਂ ਈਰਿਆਪੱਥ ਦੇ ਰਾਹ ਨਾਲ ਢੱਕਿਆ ਹੋਇਆ ਹੈ"। ॥13॥

"ਕਸ਼ਾਏ ਨੂੰ ਮਸਲਣਾ ਹੀ ਅਨਾਜ ਦਾ ਮਸਲਣਾ ਹੈ। ਉਸ ਦੀ ਖਿਮਾ ਹੀ ਯਸ਼ ਕੀਰਤੀ ਹੈ, ਨਿਰਜਰਾ ਹੀ ਉਸ ਖੇਤੀ ਦੀ ਕਟਾਈ ਹੈ। ਸਾਧੂ ਦੁਖਾਂ ਤੋਂ ਮੁਕਤ ਹੁੰਦਾ ਹੈ"। ॥14॥

"ਪ੍ਰਾਣੀ ਮਾਤਰ ਪ੍ਰਤੀ ਰਹਿਮ ਦਾ ਝਰਨਾ ਬਹਾਉਂਦੇ ਹੋਏ, ਜੋ ਇਸ ਪ੍ਰਕਾਰ ਦੀ ਖੇਤੀ ਕਰਦਾ ਹੈ। ਉਹ ਚਾਹੇ ਬ੍ਰਾਹਮਣ ਕੁਲ ਵਿੱਚ ਪੈਦਾ ਹੋਇਆ ਬ੍ਰਾਹਮਣ ਹੋਵੇ, ਖੱਤਰੀ ਹੋਵੇ, ਵੈਸ਼ ਹੋਵੇ ਜਾਂ ਸ਼ੁਦਰ ਹੋਵੇ, ਤਾਂ ਹੀ ਉਹ ਸ਼ੁੱਧ ਹੁੰਦਾ ਹੈ"। ॥15॥

ਇਸ ਪ੍ਰਕਾਰ ਮਾਤੰਗ ਅਰਹਤ ਰਿਸ਼ਿ ਆਖਦੇ ਹਨ।

# ਸਤਾਈਵਾਂ ਅਧਿਐਨ (ਵਾਰਤਕ ਅਰਹਤ ਰਿਸ਼ਿ ਭਾਸ਼ਿਤ)

"ਸਾਧੂ ਦੀ ਜਾਇਦਾਦ ਉਸ ਦਾ ਚਰਿੱਤਰ ਹੈ, ਜੋ ਸਾਧਕ ਇਸ ਤਰ੍ਹਾਂ ਦੀ ਜਾਇਦਾਦ ਵਾਲਾ ਹੈ, ਉਸ ਦੀ ਗਤੀ ਪਾਪ ਰਹਿਤ ਰਹਿੰਦੀ ਹੈ ਅਤੇ ਉਹ ਜਿੱਤ ਹਾਸਲ ਕਰਦਾ ਹੈ"। ਅਜਿਹਾ ਵਾਤਿਕ ਅਰਹਤ ਰਿਸ਼ਿ ਨੇ ਆਖਿਆ।

"ਮੁਨੀ ਗ੍ਰਹਿਸਥੀਆਂ ਵਿੱਚ ਜਿਆਦਾ ਸਮਾਂ ਨਾ ਰਹੇ ਕਿਉਂਕਿ ਉਹਨਾਂ ਦੇ ਮੇਲ ਮਿਲਾਪ ਨਾਲ ਉਹਨਾਂ ਪ੍ਰਤੀ ਪਿਆਰ ਜਾਗਦਾ ਹੈ। ਜੋ ਕਿ ਭਿਖਸ਼ੂ ਦੀ ਆਤਮਾ ਦੇ ਲਈ ਕਰਮ ਰੂਪੀ ਦੁੱਖ ਦੀ ਉਤਪਤੀ ਕਰਦਾ ਹੈ"। ॥1॥

"ਧਿਆਨ ਅਤੇ ਅਧਿਐਨ ਵਿੱਚ ਲੀਨ ਮੁਨੀ ਪਿਆਰ ਦੇ ਬੰਧਨਾ ਨੂੰ ਛੱਡੇ, ਮਨ ਦੇ ਵਿਕਾਰਾਂ ਨੂੰ ਧੋ ਕੇ ਬੁੱਧੀ ਨੂੰ ਨਿਰਵਾਨ ਦੇ ਰਾਹ ਵੱਲ ਜੋੜੇ"। ॥2॥

"ਜੋ ਸਾਧੂ ਮਿੱਤਰਤਾ ਦੇ ਬੰਧਨ ਵਿੱਚ ਆ ਕੇ ਕੰਨਾਂ ਨੂੰ ਪਿਆਰੇ ਲੱਗਣ ਵਾਲੇ ਮਿੱਠੇ ਵਚਨ ਆਖਦਾ ਹੈ ਅਤੇ ਉਹ ਗ੍ਰਹਿਸਥ ਵੀ ਅਜਿਹੇ ਵਚਨ ਸੁਣ ਕੇ ਖੁਸ਼ ਹੋ ਜਾਂਦੇ ਹਨ ਪਰ ਆਤਮਾ ਦੇ ਅਰਥ ਤੋਂ ਦੋਵੇਂ ਹੀ ਖੋ ਬੈਠਦੇ ਹਨ"। ॥3॥

"ਜੋ ਅਚੰਬੇ ਦੇ ਲੱਛਣ, ਸਪਨ ਅਤੇ ਪ੍ਰਹੇਲਕਾ ਬੋਲਦਾ ਹੈ। ਉਸ ਦੇ ਲਈ ਦਾਨ ਕਰਦਾ ਹੈ ਅਜਿਹਾ ਮਨੁੱਖ ਸਾਧੂ ਜੀਵਨ ਤੋਂ ਦੂਰ ਹੈ"। ॥4॥

"ਜੋ ਚੂੜਾ ਨੈਣ ਆਦਿ ਸੰਸਕਾਰਾਂ ਵਿੱਚ ਅਤੇ ਵਰ ਬਹੂ ਜੇ ਵਿਆਹ ਵਿੱਚ ਸ਼ਾਮਲ ਹੁੰਦਾ ਹੈ ਰਾਜਾਵਾਂ ਨੂੰ ਯੁੱਧ ਨਾਲ ਜੋੜਦਾ ਹੈ, ਪਰ ਸਾਧੂ ਦੀਆਂ ਇਹ ਕ੍ਰਿਆ ਸਾਧੂ ਪੁਣੇ ਤੋਂ ਬਹੁਤ ਦੂਰ ਹੈ"। ॥5॥

"ਜੋ ਜੀਵਨ ਦੇ ਲਈ, ਪੂਜਾ ਦੇ ਲਈ ਅਤੇ ਇਸ ਲੋਕ ਦੇ ਵਿੱਚ ਸੁਖ ਦੇ ਲਈ ਅਪਣੀ ਵਿਦਿਆ ਦਾ ਪ੍ਰਯੋਗ ਕਰਦਾ ਹੈ, ਉਹ ਇਸ ਤਰ੍ਹਾਂ ਸਮਝੋ ਕਿ ਅਪਣੀ ਅਰਥੀ ਦੀ ਪਰਿਕਰਮਾ ਕਰਦਾ ਹੈ"। ॥6॥

"ਜੋ ਮੰਤਰ ਤੰਤਰ ਆਦਿ ਦੀ ਮਹਾਰਤਾ ਤੋਂ ਰਹਿਤ ਹੋ ਚੁੱਕਾ ਹੈ। ਜਿਸ ਨੇ ਜਨਮ ਮਰਨ ਦੇ ਸਰੋਤ ਨੂੰ ਛੇਦ ਦਿੱਤਾ ਹੈ। ਜੋ ਪ੍ਰੇਮ ਅਤੇ ਦੋਸ਼ ਤੋਂ ਮੁਕਤ ਹੈ, ਉਹ ਹੀ ਧਰਮ ਦੀ ਵੀ ਮਹਾਂ ਮੁਨੀ ਤਿਆਗੀ ਬਣਕੇ ਮਨ ਨੂੰ ਚੰਗੇ ਲੱਗਣ ਵਾਲੇ ਜਾਂ ਨਾ ਚੰਗੇ ਲੱਗਣ ਵਾਲੇ ਗੱਲਬਾਤ ਨੂੰ ਸਹਿਣ ਕਰੇ ਪਰ ਆਤਮਾ ਦੇ ਉਦੇਸ਼ ਮੁਕਤੀ ਦਾ ਕਦੇ ਤਿਆਗ ਨਾ ਕਰੇ" ਇਸ ਪ੍ਰਕਾਰ ਵਾਰਤਕ ਅਰਹਤ ਰਿਸ਼ਿ ਨੇ ਆਖਿਆ।

## ਅੱਠਾਈਵਾਂ ਅਧਿਐਨ (ਆਦਰਕ ਅਰਹਤ ਰਿਸ਼ਿ ਭਾਸ਼ਿਤ)

"ਸਾਧੂ ਵਾਸਨਾ ਦੇ ਸਾਰੇ ਰਸਤੇ ਰੋਕ ਦੇਵੇ ਕਿਉਂਕਿ ਮਨੁੱਖ ਦੇ ਲਈ ਕਾਮ, ਰੋਗ ਦੇ ਸਮਾਨ ਹੈ ਅਤੇ ਕਾਮ ਦੁਰਗਤੀ ਵਿੱਚ ਵਾਧਾ ਕਰਨ ਵਾਲਾ ਹੈ"। ॥1॥

"ਨਿਰਜਨ ਜੰਗਲ ਦਾ ਵਾਸੀ ਮੁਨੀ ਗ੍ਰਹਿਸਥੀ ਦਾ ਸੇਵਨ ਨਾ ਕਰੇ। ਕਾਮ ਦੀ ਕਾਮਨਾ ਕਰਨ ਵਾਲਾ ਆਤਮਾ ਕਾਮ ਵਾਸਨਾ ਨਾ ਕਰਨ ਤੇ ਵੀ ਦੁਰਗਤੀ ਨੂੰ ਜਾਂਦਾ ਹੈ"। ॥2॥

"ਜੋ ਕਾਮ ਭੋਗਾਂ ਵਿੱਚ ਫਸੀਆ ਹੋਇਆ ਹੈ ਜੋ ਮਨ, ਵਚਨ ਅਤੇ ਕਰਮ ਰਾਹੀਂ ਸੱਤਾ ਹੀਨ ਹੁੰਦਾ ਹੈ, ਕਾਮ ਵਿੱਚ ਫਸਿਆ ਉਹ ਪ੍ਰਾਣੀ ਦੁਖ ਪ੍ਰਾਪਤ ਕਰਦਾ ਹੈ"। ॥3॥

"ਕਾਮ ਕੰਡੇ ਦੀ ਤਰ੍ਹਾਂ ਹੈ, ਕਾਮ ਜਹਿਰ ਹੈ, ਕਾਮ ਆਸ਼ੀਵਿਸ਼ ਸੱਪ ਦੀ ਜ਼ਹਿਰ ਦੇ ਸਮਾਨ ਭਿੰਅਕਰ ਹੈ, ਕਾਮ ਬਹੁਤ ਸਧਾਰਨ ਅਤੇ ਸੰਸਾਰ (ਜਨਮ, ਮਰਨ) ਵਿੱਚ ਵਾਧਾ ਕਰਨ ਵਾਲਾ ਹੈ"। ॥4॥

"ਜੋ ਮੋਹ ਵੱਸ ਆਤਮ ਭਾਵ ਨਾਲ ਕਾਮ ਭੋਗ ਦੀ ਪ੍ਰਾਥਨਾ ਕਰਦੇ ਹਨ। ਉਹ ਦੁਰਗਮ ਖਤਰਨਾਕ ਸੰਸਾਰ ਵਿੱਚ ਜਰੂਰ ਹੀ ਦੁੱਖ ਦੇ ਭਾਗੀ ਬਣਦੇ ਹਨ"। ॥5॥

"ਕਾਮ ਵਿੱਚ ਫਸਿਆਂ ਆਤਮਾਵਾਂ ਜੱਦ ਤੱਕ ਕਾਮ ਦੇ ਕੰਡੇ ਨੂੰ ਅਪਣੇ ਚਿਤ ਵਿੱਚੋਂ ਨਹੀਂ ਪੁਟਦੀਆਂ ਤੱਦ ਤੱਕ ਉਹ ਬੁਢਾਪਾ ਅਤੇ ਮੌਤ ਦੇ ਜੰਗਲ ਵਿੱਚ ਪਾਗਲਾਂ ਦੀ ਤਰ੍ਹਾਂ ਘੁੰਮਦੀਆਂ ਰਹਿੰਦੀਆਂ ਹੈ"। ॥6॥

"ਦੇਵ ਅਤੇ ਮਨੁੱਖ ਇਹ ਸਭ ਦੇ ਭੋਗ ਮੈਂ ਹਜਾਰਾਂ ਵਾਰ ਪ੍ਰਾਪਤ ਕੀਤੇ ਹਨ ਅੰਤ ਇਸ ਲਈ ਛੱਡੇ ਕਾਮ ਭੋਗਾਂ ਨੂੰ ਮੈਂ ਨਹੀਂ ਅਪਣਾਵਾਂ ਗਾ"। ॥7॥

"ਇਹ ਭੋਗ ਅੰਨਤ ਵਾਰ ਪ੍ਰਾਪਤ ਹੋਏ ਹਨ ਪਰ ਇਸ ਆਤਮਾ ਦੀ ਸੰਤੁਸ਼ਟੀ ਕਦੇ ਨਹੀਂ ਹੋਈ। ਸਗੋਂ ਇਹਨਾ ਰਾਹੀਂ ਅਨੇਕਾਂ ਪ੍ਰਕਾਰ ਦੇ ਦੁੱਖ ਅਤੇ ਪਰਮ ਅਸ਼ੁਭ ਪ੍ਰਾਪਤ ਹੋਏ ਹਨ"। ॥8॥

"ਕਾਮ ਦੀ ਖੋਜ ਦੁੱਖ ਰੂਪ ਹੈ, ਕਾਮ ਵਿੱਚ ਸੰਤੁਸ਼ਟੀ ਅਸੰਭਵ ਹੈ, ਵਿਛੋੜੇ ਸਮੇਂ, ਕਾਮ ਭੋਗ ਵਿੱਚ ਦੁੱਖ ਜਿਆਦਾ ਮਹਿਸੂਸ ਹੁੰਦਾ ਹੈ, ਸੱਚਾ ਸੁੱਖ ਤਾਂ ਸੰਤੁਸ਼ਟੀ ਵਿੱਚ ਹੈ"। ॥9॥

"ਕਾਮ ਭੋਗ ਦੇਂ ਵੱਸ ਰਾਜੇ, ਸਾਰੀ ਧਰਤੀ ਦੇ ਭੋਗ ਭੋਗ ਕੇ ਇੱਕ ਦਿਨ ਬੇਵਸ਼ ਹੋ ਕੇ ਮੌਤ ਨੂੰ ਪ੍ਰਾਪਤ ਹੋਏ ਮਰ ਕੇ ਦੁਰਗਤੀ ਦੇ ਰਾਹੀ ਬਣੇ"। ॥10॥

"ਕਾਮ ਭੋਗ ਵਿੱਚ ਫਸੀ ਆਤਮਾ ਮੋਹ ਦੀ ਸ਼ਰਾਬ ਵਿੱਚ ਘੁੰਮਦੀ ਹੈ ਅਤੇ ਖਤਰਨਾਕ ਸੰਸਾਰ ਵਿੱਚ ਚਾਰੋਂ ਪਾਸੇ ਕਲੈਸ ਦੀ ਭਾਗੀ ਬਣਦੀ ਹੈ"। ॥11॥

"ਪ੍ਰਾਣੀਆਂ ਵਿੱਚ ਥੋੜਾ ਜਿਹਾ ਕਸੂਰ ਵੀ ਜਨਮ ਮਰਨ ਦੀ ਪ੍ਰੰਪਰਾ ਵਿੱਚ ਵਾਧਾ ਕਰਦਾ ਹੈ। ਉਹ ਪਾਪ ਬੁੱਢੀ (ਪਰਾਣੀ) ਬੇਲ ਦੀ ਤਰ੍ਹਾਂ ਅੰਤ ਵਿੱਚ ਕਸ਼ਟ ਨੂੰ ਪ੍ਰਾਪਤ ਹੁੰਦਾ ਹੈ"। ॥12॥

"ਆਤਮਾ ਰਾਹੀਂ ਕੀਤੇ ਅਪਰਾਧਾਂ ਦੁਆਰਾ, ਆਤਮਾ ਵੇਦਨਾ ਪ੍ਰਾਪਤ ਕਰਦਾ ਹੈ, ਆਤਮਾ ਰਾਹੀਂ ਬੀਜੇ ਕੰਡੇ ਹੀ ਕੰਡਿਆਂ ਵਾਲੀ ਤਕਲੀਫ ਦਿੰਦੇ ਹਨ"। ॥13॥

"ਮੋਹ ਵਿੱਚ ਫਸੀਆ ਆਤਮਾ ਅਪਣਾ ਹੀ ਪਤਨ ਕਰਦਾ ਹੈ, ਬੰਧ ਰੂਪੀ ਮੁਦਗਰ ਨੂੰ ਗ੍ਰਹਿਣ ਕਰਕੇ ਬਹੁਤ ਸਾਰੇ ਜੀਵ ਸੰਸਾਰ ਰੂਪੀ ਰੰਗ ਮੰਚ ਤੇ ਨਾਚ ਕਰਦੇ ਹਨ"। ॥14॥

"ਜੋ ਸੱਦਭਾਵ ਨਹੀਂ ਰੱਖਦਾ, ਮਾੜੀ ਭਾਸ਼ਾ ਬੋਲਦਾ ਹੈ, ਅਜਿਹੇ ਕਾਮ ਵਿੱਚ ਫਸੀ ਆਤਮਾ, ਜੀਵਨ ਨੂੰ ਨਸ਼ਟ ਕਰ ਦਿੰਦੀ ਹੈ"। ॥15॥

"ਕਾਮ ਤੋਂ ਪ੍ਰੇਰਤ ਆਤਮਾ ਹਿੰਸਾ ਤੇ ਚੋਰੀ ਦਾ ਆਸਰਾ ਲੈਂਦੀ ਹੈ ਅਜਿਹੇ ਮਨੁੱਖ ਸੰਪਤੀ, ਗਿਆਨ ਅਤੇ ਵਿਗਿਆਨ ਸੱਭ ਕੁੱਝ ਖੋ ਬੈਠਦੇ ਹਨ"। ॥16॥

"ਦੇਵਤੇ, ਉਰਗਸਰਪ, ਗੰਧਰਵ, ਪਸ਼ੂ ਸੰਸਾਰ ਅਤੇ ਮਨੁੱਖੀ ਸ਼੍ਰਿਸਟੀ, ਸਾਰੇ ਕਾਮ ਦੇ ਪਿੰਜਰੇ ਵਿੱਚ ਬੰਦ ਹੋਕੇ ਦੁਨੀਆਂ ਵਿੱਚ ਭਿੰਨ ਭਿੰਨ ਪ੍ਰਕਾਰ ਦੇ ਦੁੱਖ ਭੋਗ ਰਹੇ ਹਨ"। ॥17॥

"ਕਾਮ ਵਾਸਨਾ ਤੇ ਕਾਬੂ ਪਾਉਣ ਵਾਲੇ ਅਤੇ ਇੰਦਰੀਆਂ ਦੇ ਵਿਸ਼ੇ ਵਿਕਾਰਾਂ ਨੂੰ ਜਿੱਤਨ ਵਾਲੀਆਂ ਆਤਮਾਵਾਂ ਧੰਨ ਹਨ। ਅਜਿਹੀਆਂ ਸ਼ੁਧ ਆਤਮਾ ਇਸ ਸੰਸਾਰ ਵਿੱਚ ਚੰਗੀਆਂ ਲੱਗਦੀਆਂ ਹਨ ਅਤੇ ਪ੍ਰਿਥਵੀ ਤੋਂ ਪਾਰ ਹੋ ਜਾਂਦੀਆਂ ਹਨ"। ॥18॥

"ਜੋ ਮਨੁੱਖ ਭੋਗਾ ਵੱਸ਼ ਹੋ ਕੇ ਪਾਪ ਕਰਦੇ ਹਨ, ਉਹ ਮਹਾਨ ਭਿੰਅਕਰ ਚਾਰ ਗਤੀ ਰੂਪੀ ਸੰਸਾਰ ਵਿੱਚ ਭਟਕਦੇ ਹੋਏ ਘੁੰਮਦੇ ਰਹਿੰਦੇ ਹਨ"। ॥19॥

"ਜਿਵੇਂ ਛੇਦ ਰਹਿਤ ਕਿਸ਼ਤੀ ਵਿੱਚ ਜਨਮ ਤੋਂ ਅੰਨ੍ਹਾ ਆਦਮੀ ਬੈਠਦਾ ਹੈ, ਉਹ ਦੁਸਰੇ ਕਿਨਾਰੇ ਤੇ ਜਾਣਾ ਵੀ ਚਾਹੁੰਦਾ ਹੈ, ਪਰ ਦ੍ਰਿਸ਼ਟੀ ਨਾ ਹੋਣ ਕਾਰਨ ਉਹ ਰਾਹ ਵਿੱਚ ਹੀ ਭੜਕਦਾ ਹੋਇਆ ਕਸ਼ਟ ਪਾਉਂਦਾ ਹੈ"। ॥20॥

"ਵਿਦਵਾਨ ਪੰਡਤ ਹਰ ਸਮੇਂ ਅਤੇ ਹਰ ਪਲ ਸੋਨੇ ਦੀ ਤਰ੍ਹਾਂ ਅਪਣੀ ਆਤਮਾ ਦੀ ਮੈਲ ਦੂਰ ਕਰੇ" ਆਦਰਕ ਅਰਹਤ ਰਿਸ਼ਿ ਇਸ ਪ੍ਰਕਾਰ ਆਖਣ ਲੱਗੇ। ॥21॥

"ਦੀਵੇ ਦੀ ਲੋ ਦੇ ਖਤਮ ਹੋਣ ਤੇ ਤਿਆਰ ਹੋਇਆ ਕੱਜਲ ਅਤੇ ਸ਼ਹਿਦ ਦੇ ਛੱਤੇ ਨੂੰ ਦੇਖ ਕੇ ਨਿਸ਼ਚੈ ਹੋ ਜਾਂਦਾ ਹੈ, ਕਿ ਸੰਜਮ ਪ੍ਰਤੀ ਮੇਹਨਤ ਕਰਨੀ ਚਾਹਿਦੀ ਹੈ"। ॥22॥

"ਉੱਚ ਆਦਿ ਦਾ ਸੰਕਲਪ ਭਾਵਨਾ ਤੇ ਅਧਾਰਤ ਹੈ, ਚੱਕਰਵਰਤੀ ਵੀ ਸੋਨੇ ਦੇ ਦੰਦ ਅਤੇ ਲਕੜੀ ਨਹੀਂ ਖਾਂਦਾ ਭਾਵ ਚੱਕਰਵਰਤੀ ਨੂੰ ਵੀ ਭੋਜਨ ਦੀ ਜ਼ਰੂਰਤ ਹੈ। ਖਾਲੀ ਧੰਨ ਉਸ ਦੇ ਕੋਈ ਕੰਮ ਨਹੀਂ ਆਉਂਦਾ"। ॥23॥

"ਇੱਕ ਪਲ ਅਤੇ ਮਹੁਰਤ ਦਾ ਥੋੜਾ ਸਮਾਂ ਵੀ ਕੀਤੀ ਸ਼ੁਭ ਕ੍ਰਿਆ ਮਹਾਨ ਫਲ ਦੇ ਜਾਂਦੀ ਹੈ, ਫੇਰ ਜੋ ਮਨੁਖ ਸਿਧ ਗਤੀ ਲਈ ਮੇਹਨਤ ਕਰਦੇ ਹਨ ਉਹਨਾਂ ਦੀ ਸਾਧਨਾ ਦਾ ਕਹਿਣਾ ਕੀ ਹੈ"? ॥24॥

ਇਸ ਪ੍ਰਕਾਰ ਆਦਰਕ ਅਰਹਤ ਰਿਸ਼ਿ ਨੇ ਆਖੀਆ ਹੈ।

## ਉਨੱਤੀਵਾਂ ਅਧਿਐਨ (ਵਰਧਮਾਨ ਅਰਹਤ ਰਿਸ਼ਿ ਭਾਸ਼ਿਤ)

ਸਾਰੇ ਪਾਸੇ ਵਹਾ ਵਹਿ ਰਹੇ ਹਨ, ਕਿ ਇਹਨਾਂ ਵਹਾਵਾਂ ਨੂੰ ਰੋਕਿਆ ਨਹੀਂ ਜਾ ਸਕਦਾ? ਇਸ ਪ੍ਰਕਾਰ ਪੁੱਛੇ ਜਾਣ ਤੇ ਮੁਨੀ ਬੋਲੇ ਕਿ "ਇਸ ਪ੍ਰਕਾਰ ਇਹਨਾਂ ਵਹਾਵਾਂ ਨੂੰ ਰੋਕਿਆ ਜਾ ਸਕਦਾ ਹੈ"। ॥1॥

"ਜਿਸ ਦੀਆਂ ਪੰਜ ਇੰਦਰੀਆਂ ਜਾਗਰਤ ਹਨ, ਉਹ ਸੁਤਾ ਹੈ, ਜਿਸ ਦੀਆਂ ਪੰਜ ਇੰਦਰੀਆਂ ਸੁਤੀਆਂ ਹਨ। ਉਸ ਦੀ ਆਤਮਾ ਜਾਗਰਤ ਹੈ। ਪੰਜੇ ਇੰਦਰੀਆਂ ਰਾਹੀਂ ਆਤਮਾ ਕਰਮ ਧੂੜ ਨੂੰ ਗ੍ਰਹਿਣ ਕਰਦਾ ਹੈ ਅਤੇ ਅਣਗਿਹਲੀ ਰਹਿਤ ਮੁਨੀ ਉਹਨਾਂ ਰਾਹੀਂ ਕਰਮ ਧੂੜ ਨੂੰ ਰੋਕਦਾ ਹੈ" ਇਸ ਪ੍ਰਕਾਰ ਵਰਧਮਾਨ ਅਰਹਤ ਰਿਸ਼ਿ ਨੇ ਆਖਿਆ। ॥2॥

"ਕੰਨ ਦੇ ਰਾਹੀਂ ਚੰਗੇ ਜਾਂ ਬੁਰੇ ਸ਼ਬਦਾਂ ਨੂੰ ਪਾਕੇ ਜੋ ਮੁਨੀ ਇਕ ਚਿਤ ਰਹੇ ਚੰਗੇ ਸ਼ਬਦਾਂ ਪ੍ਰਤੀ ਮੋਹ ਨਾ ਰੱਖੇ ਅਤੇ ਮਾੜੇ ਸ਼ਬਦਾਂ ਪ੍ਰਤੀ ਦਵੇਸ਼ ਨਾ ਕਰੇ। ਮਨ ਨੂੰ ਚੰਗੇ ਸ਼ਬਦਾ ਪ੍ਰਤੀ ਨਾ ਫੰਸੇ ਅਤੇ ਭੈੜੇ ਸ਼ਬਦਾਂ ਪ੍ਰਤੀ ਦਵੇਸ਼ ਨਾ ਕਰਦਾ ਹੋਇਆ ਸਾਧੂ ਅਵਿਰੋਧ ਵਿੱਚ ਜਾਗਦਾ ਹੋਇਆ ਕਰਮ ਵਹਾਅ ਨੂੰ ਰੋਕਦਾ ਹੈ"। ॥3-4॥

"ਅੱਖ ਨਾਲ ਚੰਗੇ ਜਾਂ ਬੁਰੇ ਸ਼ਬਦਾਂ ਨੂੰ ਪਾਕੇ ਜੋ ਮੁਨੀ ਇੱਕ ਚਿਤ ਰਹੇ ਚੰਗੇ ਸ਼ਬਦਾਂ ਪ੍ਰਤੀ ਮੋਹ ਨਾ ਰੱਖੇ ਅਤੇ ਮਾੜੇ ਸ਼ਬਦਾਂ ਪ੍ਰਤੀ ਦਵੇਸ਼ ਨਾ ਕਰੇ। ਮਨ ਨੂੰ ਚੰਗੇ ਸ਼ਬਦਾ ਪ੍ਰਤੀ ਨਾ ਫੰਸੇ ਅਤੇ ਭੈੜੇ ਸ਼ਬਦਾਂ ਪ੍ਰਤੀ ਦਵੇਸ਼ ਨਾ ਕਰਦਾ ਹੋਇਆ ਸਾਧੂ ਅਵਿਰੋਧ ਵਿੱਚ ਜਾਗਦਾ ਹੋਇਆ ਕਰਮ ਵਹਾਅ ਨੂੰ ਰੋਕਦਾ ਹੈ"। ॥5-6॥

"ਨੱਕ ਦੇ ਰਾਹੀਂ ਸੁਗੰਧ ਜਾਂ ਦੁਰਗੰਧ ਨੂੰ ਗ੍ਰਹਿਣ ਕਰਕੇ ਸਾਧਕ ਸੁਗੰਧ ਪ੍ਰਤੀ ਮੋਹ ਨਾ ਕਰੇ ਅਤੇ ਦੁਰਗੰਧ ਪ੍ਰਤੀ ਦਵੇਸ਼ ਨਾ ਰੱਖੇ ਮਨ ਨੂੰ ਚੰਗੀ ਲੱਗਣ ਵਾਲੀ ਗੰਧ ਪ੍ਰਤੀ ਅਪਣਾ ਮਨ ਨਾ ਲਾਵੇ ਅਤੇ ਭੈੜੀ ਗੰਧ ਪ੍ਰਤੀ ਦਵੇਸ਼ ਨਾ ਕਰੇ। ਗੰਧ ਪ੍ਰਤੀ ਦਵੇਸ਼

ਨਾ ਕਰਦਾ ਹੋਇਆ ਸਾਧੂ ਅਵਿਰੋਧ ਵਿੱਚ ਜਾਗਦਾ ਹੋਇਆ ਕਰਮ ਵਹਾਅ ਨੂੰ ਰੋਕਦਾ ਹੈ"। ॥7-8॥

"ਜੀਭ ਮਿੱਠੇ ਜਾਂ ਕੋੜੇ ਰਸ ਨੂੰ ਗ੍ਰਹਿਣ ਕਰਦੀ ਹੈ ਪਰ ਸਾਧੂ ਮਿੱਠੇ ਰਸ ਪ੍ਰਤੀ ਮੋਹ ਨਾ ਕਰੇ ਅਤੇ ਕੋੜੇ ਰਸ ਪ੍ਰਤੀ ਦਵੇਸ਼ ਨਾ ਕਰੇ। ਰਸ ਪ੍ਰਤੀ ਦਵੇਸ਼ ਨਾ ਕਰਦਾ ਹੋਇਆ ਸਾਧੂ ਅਵਿਰੋਧ ਵਿੱਚ ਜਾਗਦਾ ਹੋਇਆ ਕਰਮ ਵਹਾਅ ਨੂੰ ਰੋਕਦਾ ਹੈ"। ॥9-10॥

"ਚਮੜੀ ਦੇ ਰਾਹੀਂ ਕੋਮਲ ਜਾਂ ਕਠੋਰ ਛੋਹ ਦਾ ਗਿਆਨ ਹੁੰਦਾ ਹੈ, ਸਾਧਕ ਕੋਮਲ ਸਪਰਸ਼ ਪ੍ਰਤੀ ਮੋਹ ਨਾ ਰੱਖੇ ਅਤੇ ਕਠੋਰ ਸਪਰਸ਼ ਪ੍ਰਤੀ ਦਵੇਸ਼ ਨਾ ਕਰੇ। ਸਪਰਸ਼ ਪ੍ਰਤੀ ਦਵੇਸ਼ ਨਾ ਕਰਦਾ ਹੋਇਆ ਸਾਧੂ ਅਵਿਰੋਧ ਵਿੱਚ ਜਾਗਦਾ ਹੋਇਆ ਕਰਮ ਵਹਾਅ ਨੂੰ ਰੋਕਦਾ ਹੈ"। ॥11-12॥

"ਬੇਕਾਬੂ ਪੰਜ ਇੰਦਰੀਆਂ ਦੇ ਵਿਸ਼ੇ ਆਤਮਾ ਦੇ ਲਈ ਸੰਸਾਰ ਵਿੱਚ ਜਨਮ ਮਰਨ ਦਾ ਕਾਰਨ ਬਨਦੇ ਹਨ, ਜਦੋਂ ਇਹੋ ਇੰਦਰੀਆਂ ਠੀਕ ਢੰਗ ਨਾਲ ਸੰਜਮ ਵਿੱਚ ਆ ਜਾਂਦੀਆਂ ਹਨ ਤਾਂ ਨਿਰਵਾਨ ਦਾ ਕਾਰਨ ਬਨਦੀਆਂ ਹਨ"। ॥13॥

"ਬੇਕਾਬੂ ਬਣੀਆਂ ਇੰਦਰੀਆਂ ਕਾਰਨ ਆਤਮਾ ਧੱਕੇ ਨਾਲ ਗੱਲਤ ਰਸ਼ਤੇ ਤੇ ਆ ਜਾਂਦਾ ਹੈ। ਜਿਵੇਂ ਬੇਕਾਬੂ ਦਾ ਸਾਰਥੀ ਵਿਕਟ ਰਾਹ ਤੇ ਆ ਜਾਂਦਾ ਹੈ। ਮੁਨੀ ਸੰਜਮੀ ਇੰਦਰੀਆਂ ਦੇ ਵਿਸ਼ੇ ਪ੍ਰਤੀ ਅਜਿਹਾ ਨਹੀਂ ਕਰਦੇ ਜਿਵੇਂ ਸਿਖਿਅਤ ਘੋੜੇ ਦਾ ਸਾਰਥੀ ਠੀਕ ਰਾਹ ਤੇ ਜਾਂਦਾ ਹੈ"। ॥14-15॥

"ਸਾਧੂ ਪਹਿਲਾਂ ਮਨ ਤੇ ਜਿੱਤ ਹਾਸਲ ਕਰੇ, ਫਿਰ ਵਿਵੇਕ ਰੂਪੀ ਹਾਥੀ ਤੇ ਚੜ੍ਹਕੇ ਹਥਿਆਰਾਂ ਨਾਲ ਸੱਜਕੇ ਬਹਾਦਰਾਂ ਦੀ ਤਰ੍ਹਾਂ ਇੰਦਰੀਆਂ ਦੇ ਵਿਸ਼ੇ ਵਿਕਾਰਾਂ ਨੂੰ ਜਾਣੇ ਅਤੇ ਕਾਬੂ ਕਰੇ"। ॥16॥

"ਮਨ ਅਤੇ ਕਸ਼ਾਏ ਤੇ ਜਿੱਤ ਪਾਕੇ ਜੋ ਸਾਧਕ ਤੱਪ ਕਰਦਾ ਹੈ ਉਹ ਸ਼ੁਧ ਆਤਮਾ ਹਵਨ ਦੇ ਵਿੱਚ ਪਾਏ ਜਾਣ ਵਾਲੇ ਯੋਗ ਪਦਾਰਥਾਂ ਦੀ ਤਰ੍ਹਾਂ ਆਤਮਾ ਨੂੰ ਅੱਗ ਦੀ ਤਰ੍ਹਾਂ ਚਮਕਦਾਰ ਬਣਾਉਂਦੀ ਹੈ"। ॥17॥

"ਸਮਿਅੱਕਤਵ ਵਿੱਚ ਲੱਗੇ ਧੀਰਜ ਸ਼ੀਲ ਕਰੋਧ ਜੇਤੂ ਅਤੇ ਇੰਦਰੀਆਂ ਦੇ ਜੇਤੂ ਅਤੇ ਮੋਕਸ਼ ਦੇ ਇਛੁੱਕ ਦਾ ਇੱਕ ਮਾਤਰ ਉਦੇਸ਼ ਹੈ, ਉਸ ਨੂੰ ਸਾਰੇ ਦੇਵਤਾ ਵੀ ਨਮਸ਼ਕਾਰ ਕਰਦੇ ਹਨ"। ॥18॥

"ਸੱਭ ਪਾਸੇ ਵਿਵਰਕਤ ਦਮਨਸ਼ੀਲ ਸਾਧੂ ਸਭ ਪਾਸੇ ਘੁੰਮਨ ਵਾਲੀਆਂ ਇੰਦਰੀਆਂ ਨੂੰ ਰੋਕ ਕੇ ਸਾਰੇ ਦੁੱਖਾਂ ਤੋਂ ਮੁਕਤ ਹੁੰਦੇ ਹਨ ਅਤੇ ਕਰਮ ਧੂੜ ਰਹਿਤ ਸਿਧ ਗਤੀ ਨੂੰ ਪ੍ਰਾਪਤ ਕਰਦੇ ਹਨ"। ॥19॥

ਅਜਿਹਾ ਵਰਧਮਾਨ ਅਰਹਤ ਰਿਸ਼ਿ ਨੇ ਆਖਿਆ।

## ਤੀਹਵਾਂ ਅਧਿਐਨ (ਵਾਯੂ ਅਰਹਤ ਰਿਸ਼ਿ ਭਾਸ਼ਿਤ)

"ਇਹ ਵਿਰਾਟ ਵਿਸ਼ਵ ਸੱਚ ਹੈ, ਸੱਚ ਨਾਲ ਜੁੜੇ ਵਾਯੂ" ਅਰਹਤ ਰਿਸ਼ਿ ਨੇ ਇਸ ਪ੍ਰਕਾਰ ਆਖਿਆ।

"ਜੋ ਕਰਮ ਇਥੇ ਕੀਤੇ ਜਾਂਦੇ ਹਨ ਆਤਮਾ ਉਹਨਾਂ ਦਾ ਫਲ ਪਰਲੋਕ ਵਿੱਚ ਜ਼ਰੂਰ ਭੋਗਦਾ ਹੈ। ਜਿਸ ਪ੍ਰਕਾਰ ਦਰਖਤ ਦੀ ਜੜ ਸਿੰਜੀ ਜਾਂਦੀ ਹੈ ਉਸੇ ਪ੍ਰਕਾਰ ਉਸ ਨੂੰ ਫਲ ਤੇ ਸ਼ਾਖਾ ਲੱਗਦੀਆਂ ਹਨ"। ॥1॥

"ਖੇਤ ਦੇ ਵਿੱਚ ਜਿਸ ਪ੍ਰਕਾਰ ਦਾ ਬੀਜ ਬੀਜੀਆ ਜਾਂਦਾ ਹੈ ਉਸ ਪ੍ਰਕਾਰ ਦਾ ਫਲ ਪੈਦਾ ਹੁੰਦਾ ਹੈ ਜੋ ਕਿ ਭਿੰਨ ਭਿੰਨ ਸ਼ਕਲਾ ਵਿੱਚ ਵਿਖਾਈ ਦਿੰਦਾ ਹੈ ਅਤੇ ਭਿੰਨ ਭਿੰਨ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ। ਇਸੇ ਪ੍ਰਕਾਰ ਜਿਸ ਪ੍ਰਕਾਰ ਦਾ ਕਰਮ ਕੀਤਾ ਜਾਂਦਾ ਹੈ ਉਸੇ ਪ੍ਰਕਾਰ ਦਾ ਫਲ ਮਿਲਦਾ ਹੈ, ਭਿੰਨ ਭਿੰਨ ਪ੍ਰਯੋਗਾਂ ਰਾਹੀਂ ਜੋ ਕਰਮ ਬਣਦੇ ਹਨ, ਉਹ ਕਰਮ ਸੁੱਖ ਜਾਂ ਦੁੱਖ ਰੂਪ ਵਿੱਚ ਹੁੰਦੇ ਹਨ"। ॥2-3॥

"ਆਤਮਾ ਕਲਿਆਂਣ ਨਾਲ ਹੀ ਕਲਿਆਣ ਨੂੰ ਪ੍ਰਾਪਤ ਕਰਦਾ ਹੈ। ਪਾਪ ਸ਼ੀਲ ਵਿਚਾਰ ਦੇ ਰਾਹੀਂ ਉਹ ਪਾਪ ਫਲ ਨੂੰ ਪ੍ਰਾਪਤ ਹੁੰਦਾ ਹੈ ਹਿੰਸਕ ਆਦਮੀ ਹਿੰਸਾ ਦੇ ਰਾਹੀਂ ਹਿੰਸਾ ਨੂੰ ਪ੍ਰਾਪਤ ਹੁੰਦਾ ਹੈ। ਅਜਿਹਾ ਮਨੁੱਖ ਜਿੱਤ ਕੇ ਵੀ ਹਾਰੀਆ ਹੁੰਦਾ ਹੈ"। ॥4॥

"ਪਚਾਉਣ ਲਈ ਇੱਕ ਦਿਨ ਪੱਕਨਾ ਹੋਵੇਗਾ, ਦੂਸਰੇ ਦੀ ਨਿੰਦਾ ਤੇ ਖੁਸ਼ ਹੋਣ ਵਾਲਾ ਇੱਕ ਦਿਨ ਖੁਦ ਨਿੰਦਾ ਨੂੰ ਪ੍ਰਾਪਤ ਹੁੰਦਾ ਹੈ। ਕਿਸੇ ਤੇ ਕਰੋਧ ਕਰਨ ਵਾਲੇ ਖੁਦ ਕਰੋਧ ਨੂੰ ਪ੍ਰਾਪਤ ਹੋਣਗੇ, ਕਿਉਂਕਿ ਕੋਈ ਕਰਮ ਬੇ ਅਰਥ ਨਹੀਂ ਜਾਂਦਾ"। ॥5॥

"ਚੰਗੇ ਕੰਮਾਂ ਨੂੰ ਦੁਨੀਆਂ ਚੰਗਾ ਮੰਨਦੀ ਹੈ। ਮਿੱਠੇ ਰੂਪ ਵਿੱਚ ਸਵਿਕਾਰ ਕਰਦੀ ਹੈ, ਕੋੜੇ ਨੂੰ ਕੋੜਾ ਕਿਹਾ ਜਾਂਦਾ ਹੈ ਅਤੇ ਸਖਤ ਨੂੰ ਸਖਤ ਕਿਹਾ ਜਾਂਦਾ ਹੈ"। ॥6॥

'ਕਲਿਆਣ' ਇਸ ਪ੍ਰਕਾਰ ਬੋਲਣ ਵਾਲਾ ਕਲਿਆਣ ਨੂੰ ਹੀ ਸੁਣਦਾ ਹੈ। 'ਪਾਪ' ਇਸ ਪ੍ਰਕਾਰ ਬੋਲਣ ਵਾਲਾ ਪਾਪ ਦੀ ਆਵਾਜ ਨੂੰ ਸੁਣਦਾ ਹੈ। ॥7॥

"ਕਰਮ ਰਾਹੀਂ ਫਲ ਨੂੰ ਸਾਧਕ ਜਾਣੇ ਅਤੇ ਉਹਨਾਂ ਕਰਮਾਂ ਦਾ ਸੇਵਨ ਨਾ ਕਰੇ ਜਿਹਨਾਂ ਦੇ ਰਾਹੀਂ ਨਰਕ ਲੋਕ ਪ੍ਰਾਪਤ ਹੁੰਦਾ ਹੈ"। ॥8॥

ਇਸ ਪ੍ਰਕਾਰ ਵਾਯੂ ਅਰਹਤ ਰਿਸ਼ਿ ਨੇ ਆਖਿਆ ਹੈ।

# ਇਕਤੀਵਾਂ ਅਧਿਐਨ (ਪਾਰਸ਼ਵ ਅਰਹਤ ਰਿਸ਼ਿ ਭਾਸ਼ਿਤ)

1. ਲੋਕ ਕੀ ਹੈ 2. ਕਿੰਨੇ ਪ੍ਰਕਾਰ ਦਾ ਲੋਕ ਹੈ 3. ਲੋਕ ਕਿਸ ਦਾ ਹੈ 4. ਲੋਕ ਤੋਂ ਭਾਵ ਕੀ ਹੈ 5. ਕਿਸ ਅਰਥ ਵਿੱਚ ਲੋਕ ਆਖਿਆ ਜਾਂਦਾ ਹੈ 6. ਗਤੀ ਕੀ ਹੈ 7. ਕਿਸ ਦੀ ਗਤੀ ਹੁੰਦੀ ਹੈ 8. ਗਤੀ ਭਾਵ ਕੀ ਹੈ 9. ਕਿਸ ਅਰਥ ਵਿੱਚ ਗਤੀ ਆਖੀ ਜਾਂਦੀ ਹੈ।

ਪਾਰਸ਼ਵ ਅਰਹਤ ਰਿਸ਼ਿ ਇਸ ਪ੍ਰਕਾਰ ਆਖਣ ਲੱਗੇ "ਲੋਕ, ਜੀਵ ਅਤੇ ਅਜੀਵ ਰੂਪ ਹੈ, ਉਹ ਚਾਰ ਪ੍ਰਕਾਰ ਦਾ ਆਖਿਆ ਗਿਆ ਹੈ। 1. ਦ੍ਰਵ ਲੋਕ, 2. ਖੇਤਰ ਲੋਕ, 3. ਕਾਲ ਲੋਕ, 4. ਭਾਵ ਲੋਕ: ਲੋਕ ਅਪਣੇ ਆਤਮ ਭਾਵ ਵਿੱਚ ਹੈ, ਮਾਲਕ ਪੂਨੇ ਦੇ ਪੱਖੋਂ ਇਹ ਜੀਵਾਂ ਦਾ ਲੋਕ ਹੈ ਅਤੇ ਰਚਨਾਂ ਪੱਖੋਂ ਇਹ ਲੋਕ ਜੀਵਾਂ ਦਾ ਵੀ ਹੈ ਅਤੇ ਅਜੀਵਾਂ ਦਾ ਵੀ ਹੈ। ਇਹ ਲੋਕ ਅਨਾਦੀ ਅਤੇ ਅੰਨਤ ਹੈ ਅਤੇ ਪਰੀਣਾਮਕ ਭਾਵ ਵਿੱਚ ਸਥਿਤ ਹੈ। ਦੂਸਰੇ ਪੱਖੋਂ ਇਹ ਲੋਕ ਅਪਣੇ ਸੁਭਾਵ ਵਿੱਚ ਜੋ ਆਲੋਕਿਤ ਹੁੰਦਾ ਹੈ ਉਸ ਨੂੰ ਲੋਕ ਆਖਦੇ ਹਨ"।

"ਜੀਵ ਅਤੇ ਪੁਦਗਲ ਦੀ ਗਤੀ ਦੱਸੀ ਗਈ ਹੈ, ਜੀਵ ਅਤੇ ਪੁਦਗਲ ਦੀ ਗਤੀ ਚਾਰ ਪ੍ਰਕਾਰ ਦੀ ਹੈ। ਦ੍ਰਵ ਤੋਂ ਗਤੀ, ਖੇਤਰ ਤੋਂ ਗਤੀ, ਕਾਲ ਤੋਂ ਗਤੀ, ਭਾਵ ਤੋਂ ਗਤੀ। ਗਤੀ ਭਾਵ ਅਨਾਦੀ ਅਤੇ ਅੰਨਤ ਹੈ। ਜਿੱਥੇ ਪਹੁੰਚੀਆ ਜਾਵੇ ਉਸ ਦਾ ਨਾਂ ਗਤੀ ਹੈ। ਜੀਵ ਉਰਧਵ ਗਾਮੀ (ਉਪਰ ਨੂੰ ਜਾਣ ਵਾਲੇ)ਹੁੰਦੇ ਹਨ। ਪੁਦਗਲ ਅਧੋਗਾਮੀ (ਹੇਠਾਂ ਨੂੰ ਜਾਣ ਵਾਲੇ) ਹੁੰਦੇ ਹਨ। ਜੀਵਾਂ ਦੀ ਗਤੀ ਕਰਮ ਪ੍ਰਭਾਵਤ ਹੈ ਅਤੇ ਪੁਦਗਲ ਦੀ ਗਤੀ ਪਰੀਣਾਮ ਪ੍ਰਭਾਵਤ ਹੈ। ਜੀਵਾਂ ਦੀ ਗਤੀ ਕਰਮ ਫਲ ਅਨੁਸਾਰ ਹੁੰਦੀ ਹੈ। ਪੁਦਗਲ ਦੀ ਗਤੀ ਪਰੀਣਾਮ ਦੇ ਫਲ ਅਨੁਸਾਰ ਹੁੰਦੀ ਹੈ"।

"ਕੋਈ ਵੀ ਆਤਮਾ ਕਸ਼ਾਏ ਅਰਥਾਤ ਹਿੰਸਾ ਕਰਕੇ ਸੁਖ ਪ੍ਰਾਪਤ ਨਹੀਂ ਕਰ ਸਕਦਾ। ਜੀਵ ਦੋ ਪ੍ਰਕਾਰ ਦੀ ਵੇਦਨਾ ਅਨੁਭਵ ਕਰਦੇ ਹਨ। ਇਕ ਸੁਖ ਰੂਪ ਵੇਦਨਾ ਦੂਸਰੀ ਦੁੱਖ ਰੂਪ ਵੇਦਨਾ। ਮਿੱਥੀਆਂ ਦਰਸ਼ਨ ਸੱਚ ਤੋਂ ਵਿਰਕਤੀ ਆਤਮਾ

ਸਾਤਾਵੇਦਨੀਆ ਦਾ ਅਨੁਭਵ ਕਰਦਾ ਹੈ। ਪਰ ਹਿੰਸਾ ਆਦਿ ਦੇ ਕਾਰਨ ਆਤਮਾ ਜਿਸ ਡਰ ਨੂੰ ਪ੍ਰਾਪਤ ਕਰਦਾ ਹੈ। ਉੱਥੇ ਡਰ ਉਤਪਨ ਹੁੰਦਾ ਹੈ, ਅਰਥ ਰੂਪ ਵਿੱਚ ਉਹ ਉਥੇ ਠਹਿਰੇਗਾ ਪਰ ਜਿਸ ਨੇ ਅਪਣੇ ਕੀਤੇ ਕਰਮ ਨਿਸ਼ਚਤ ਕਰ ਲਏ ਹਨ। ਅਜਿਹਾ ਨਿਰਗ੍ਰੰਥ ਪਾਪ ਨੂੰ ਰੋਕ ਦਿੰਦਾ ਹੈ। ਸੰਸਾਰ ਦਾ ਛੇਦਣ ਕਰਕੇ ਸੰਸਾਰ ਦੀ ਵੇਦਨਾ ਨੂੰ ਨਸ਼ਟ ਕਰਕੇ ਸੰਸਾਰ ਰਹਿਤ ਅਤੇ ਸੰਸਾਰ ਦੀ ਵੇਦਨਾ ਰਹਿਤ ਹੋ ਕੇ ਉਹ ਦੁਬਾਰਾ ਸੰਸਾਰ ਵਿੱਚ ਨਹੀਂ ਫਸਦਾ"।

"ਗਤੀ ਵਿਆਕਰਣ ਗ੍ਰੰਥ ਆਦਿ ਤੋਂ ਇਹ ਅਧਿਐਨ ਕੀਤਾ ਜਾਂਦਾ ਹੈ। ਉਹ ਦੂਸਰੇ ਪਾਠ ਵਿੱਚ ਵੀ ਵੇਖਿਆ ਜਾਂਦਾ ਹੈ। ਜਿਵੇਂ ਕੀ ਜੀਵ ਗਤੀਸ਼ੀਲ ਅਤੇ ਪੁਦਗਲ ਵੀ ਗਤੀਸ਼ੀਲ"।

"ਗਤੀ ਦੋ ਪ੍ਰਕਾਰ ਦੀ ਹੈ, ਪ੍ਰਯੋਗ ਗਤੀ ਵਿਸ਼ਤਰਾਸ ਗਤੀ ਇਹ ਜੋ ਜੀਵ ਅਤੇ ਪੁਦਗਲ ਦੋਹਾਂ ਦੀ ਹੁੰਦੀ ਹੈ। ਔਦਾਇਕ ਅਤੇ ਪਰਿਣਾਮਕ ਰੂਪ ਗਤੀ ਭਾਵ ਵਿੱਚ ਗਤੀ ਹੁੰਦੀ ਹੈ। ਉਸ ਨੂੰ ਗਤੀ ਆਖਦੇ ਹਨ। ਜੀਵ ਉਰਧਗਾਮੀ ਹੁੰਦੇ ਹਨ। ਜਦਕਿ ਪੁਦਗਲ ਅਧੋਗਾਮੀ ਹੁੰਦੇ ਹਨ। ਪਾਪ ਕਰਮ ਕਰਨ ਵਾਲੇ ਜੀਵਾਂ ਦੇ ਪਰਿਣਾਮ ਵਿਚ ਜੀਵ ਦੀ ਅਤੇ ਪਾਪ ਕਰਮ ਨਾਲ ਘਿਰੇ ਆਤਮ ਪੁਦਗਲਾ ਦੀ ਗਤੀ ਵੀ ਪ੍ਰੇਰਤ ਹੁੰਦੀ ਹੈ। ਇਹ ਪ੍ਰਜਾ ਕਦੇ ਵੀ ਸੁੱਖ ਅਵਸਥਾ ਨੂੰ ਪ੍ਰਾਪਤ ਨਹੀਂ ਕਰੇਗੀ। ਆਤਮਾ ਆਜਾਦ ਅਵਸਥਾ ਵਿਚ ਕਰਮ ਕਰਕੇ ਅਪਣੇ ਕੀਤੇ ਕਰਮਾਂ ਨੂੰ ਭੋਗਦਾ ਹੈ। ਜਿਵੇਂ ਹਿੰਸਾ ਤੋਂ ਪਰਿਗ੍ਰਹਿ ਤੱਕ। ਅਜਿਹਾ ਅਗਿਆਨੀ ਘਿਰਿਆ ਬੰਨੀਆਂ ਕਰਮਾਂ ਦਾ ਅੰਤ ਨਾ ਕਰਨ ਵਾਲਾ ਅਤੇ ਚਤੁਰਯਾਮ ਤੋਂ ਰਹਿਤ ਅੱਠ ਪ੍ਰਕਾਰ ਦੇ ਕਰਮ ਨੂੰ ਬੰਨਦਾ ਹੈ। ਇਹ ਕਰਮ ਚਾਰ ਪ੍ਰਕਾਰ ਨਾਲ ਜੀਵ ਨੂੰ ਫਲ ਦਿੰਦੇ ਹਨ। ਜਿਵੇਂ ਕਿ ਨਰਕ ਦੇ ਰਾਹੀਂ ਪਸ਼ੂਯੋਨੀ ਰਾਹੀਂ, ਮਨੁੱਖਯੋਨੀ ਅਤੇ ਦੇਵਯੋਨੀ ਰਾਹੀਂ"।

"ਜੀਵ ਅਪਣੇ ਕੀਤੇ ਸ਼ੁਭ ਅਸ਼ੁਭ ਕਰਮਾਂ ਦਾ ਫਲ ਆਪ ਭੋਗਦਾ ਹੈ। ਪਰ ਦੂਸਰੇ ਦੇ ਕੀਤੇ ਕਰਮਾਂ ਦਾ ਫਲ ਨਹੀਂ ਭੋਗਦਾ। ਹਿੰਸਾ ਤੋਂ ਜਾਂ ਪਰਿਗ੍ਰਹਿ ਤੋਂ ਛੁਟਕਾਰਾ ਪਾ ਕੇ, ਇਹ ਜੀਵ ਕਰਮਾ ਦਾ ਅੰਤ ਕਰਨ ਵਾਲਾ ਚਤੁਰਯਾਮ ਧਰਮ ਦਾ ਅਰਾਧਕ, ਨਿਰਗ੍ਰੰਥ ਅੱਠ ਪ੍ਰਕਾਰ ਦੇ ਕਰਮ ਦਾ ਬੰਧਨ ਨਹੀਂ ਕਰਦਾ। ਇਹ ਕਰਮ ਚਾਰ ਗਤੀ ਰੂਪ ਵਿੱਚ ਵੀ ਫਲ ਨਹੀਂ ਦਿੰਦਾ। ਜਿਵੇਂ ਕਿ ਨਰਕ, ਪਸ਼ੂ, ਮਨੁੱਖ ਅਤੇ ਦੇਵ"।

"ਇਹ ਲੋਕ ਕਦੇ ਨਹੀਂ ਸੀ, ਅਜਿਹਾ ਵੀ ਨਹੀਂ ਹੈ। ਇਹ ਕਦੇ ਨਹੀਂ ਹੈ ਅਜਿਹਾ ਵੀ ਨਹੀਂ ਹੈ। ਕਦੇ ਨਹੀਂ ਰਹੇਗਾ ਅਜਿਹਾ ਵੀ ਸੰਭਵ ਨਹੀਂ ਇਹ ਲੋਕ ਪਹਿਲਾਂ ਸੀ, ਵਰਤਮਾਨ ਵਿੱਚ ਹੈ ਅਤੇ ਭੱਵਿਖ ਵਿੱਚ ਰਹੇਗਾ ਕਿਉਂਕਿ ਲੋਕ ਧਰੁਵ ਹੈ, ਨਿਯਤ ਹੈ, ਸ਼ਾਸਵਤ ਹੈ, ਅਕਸ਼ੈ ਹੈ, ਅਵਿਯਾਯੇ ਹੈ, ਅਵਸਥਿਤ ਹੈ ਅਤੇ ਨਿਤ ਹੈ। ਜਿਵੇਂ ਕਿ ਪੰਚਾਸਤਿ ਕਾਇਆ ਕਦੇ ਨਹੀਂ ਸੀ, ਅਜਿਹਾ ਨਹੀਂ, ਲੋਕ ਨਿਤ ਹੈ। ਇਸੇ ਪ੍ਰਕਾਰ ਲੋਕ ਦੀ ਕਮੀ ਨਹੀਂ ਸੀ, ਅਜਿਹਾ ਨਹੀਂ ਹੈ ਭਾਵ ਇਹ ਨਿਤ ਹੈ"।

ਇਸ ਪ੍ਰਕਾਰ ਪਾਰਸ਼ਵ ਅਰਹਤ ਰਿਸ਼ਿ ਨੇ ਆਖਿਆ।

ਟਿਪਨੀ: ਜੜ ਤੇ ਚੈਤਨ ਇਹ ਸ੍ਰਿਸ਼ਟੀ ਹੀ ਲੋਕ ਹੈ। ਧਰਮ (ਚਲਣ ਵਿੱਚ ਸਹਾਇਕ ਦ੍ਰਵ), ਅਧਰਮ (ਰੁਕਨ ਵਿੱਚ ਸਹਾਇਕ ਦ੍ਰਵ), ਅਕਾਸ਼ ਜੀਵ ਅਤੇ ਪੁਦਗਲ ਦੇ ਅਰਥ ਵਿੱਚ ਵੀ ਇਹ ਸ੍ਰਿਸ਼ਟੀ ਲੋਕ ਹੈ।

# ਬੱਤੀਵਾਂ ਅਧਿਐਨ (ਪਿੰਗ ਅਰਹਤ ਰਿਸ਼ਿ ਭਾਸ਼ਿਤ)

"ਹੇ ਸਾਧਕ, ਤੂੰ ਦਿਵਯ (ਅਧਿਆਤਮਕ) ਖੇਤੀ ਕਰ, ਉਸ ਨੂੰ ਨਾ ਛੱਡ" ਬ੍ਰਾਹਮਣ ਪਿੰਗ ਅਰਹਤ ਰਿਸ਼ਿ ਨੇ ਇਸ ਪ੍ਰਕਾਰ ਆਖਿਆ।

"ਤੁਹਾਡਾ ਖੇਤ ਕਿਥੇ ਹੈ? ਤੁਹਾਡਾ ਬੀਜ ਕਿਥੇ ਹੈ? ਤੁਹਾਡਾ ਯੁਗਲਾਂਗਲ (ਸੰਦ) ਕਿਥੇ ਹੈ? ਤੁਹਾਡੇ ਬਲਦ ਕਿੱਥੇ ਹਨ? ਫੇਰ ਹੇ ਸ਼੍ਰੇਸ਼ਟ ਤੁਸੀ ਖੇਤੀ ਕਿਵੇਂ ਕਰਦੇ ਹੋ"? ॥1॥

"ਆਤਮਾ ਖੇਤ ਹੈ, ਆਤਮ ਬੀਜ ਹੈ, ਸੰਜਮ ਯੁਗਲਾਂਗਲ ਹੈ, ਅਹਿੰਸਾ ਅਤੇ ਸਮਿਤੀ ਬਲਦ ਹਨ, ਇਹ ਹੀ ਧਰਮ ਦੀ ਖੇਤੀ ਹੈ"। ॥2॥

"ਇਹ ਖੇਤੀ ਸ਼ੁਭ ਹੈ ਪਰ ਕੋਈ ਲੋਭ ਰਹਿਤ ਵਿਅਕਤੀ ਹੀ ਇਸ ਨੂੰ ਕਰ ਸਕਦਾ ਹੈ। ਇਹ ਖੇਤੀ ਸੁੰਦਰ ਹੈ ਅਤੇ ਪ੍ਰਲੋਕ ਵਿੱਚ ਸੁਖ ਦੇਣ ਵਾਲੀ ਹੈ"। ॥3॥

"ਪ੍ਰਾਣੀ ਮਾਤਰ ਤੇ ਦਿਆ ਦਾ ਝਰਨਾ ਵਹਾਉਣ ਵਾਲੀ ਇਸ ਖੇਤੀ ਨੂੰ ਕਰਕੇ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸੁਦਰ ਵੀ ਸਿੱਧ ਗਤੀ ਨੂੰ ਪ੍ਰਾਪਤ ਕਰ ਲੈਂਦੇ ਹਨ"।

ਅਜਿਹਾ ਪਿੰਗ ਅਰਹਤ ਰਿਸ਼ਿ ਨੇ ਆਖਿਆ।

## ਤੈਤੀਵਾਂ ਅਧਿਐਨ (ਮਹਾਂ ਸ਼ਾਲ ਪੁੱਤਰ ਅਰੁਣ ਅਰਹਤ ਰਿਸ਼ਿ ਭਾਸ਼ਿਤ)

"ਦੋ ਥਾਵਾਂ ਤੋਂ ਮਨੁੱਖ ਦਾ ਬਚਪਨ ਪ੍ਰਗਟ ਹੁੰਦਾ ਹੈ ਅਤੇ ਦੋ ਥਾਵਾਂ ਤੋਂ ਹੀ, ਉਸ ਦੀ ਸਿਆਨਪ ਪ੍ਰਗਟ ਹੁੰਦੀ ਹੈ। ਸਹੀ ਪ੍ਰਯੋਗ ਅਤੇ ਮਿਥੀਆ ਪ੍ਰਯੋਗ ਨਾਲ, ਕਰਮ ਨਾਲ ਅਤੇ ਬੋਲਚਾਲ ਨਾਲ"।

"ਭੈੜੇ ਬਚਨ ਬੋਲਣੇ, ਭੈੜੇ ਕੰਮ ਕਰਨੇ ਅਤੇ ਚੰਗੇ ਮੰਦੇ ਦਾ ਖਿਆਲ ਨਾ ਕਰਨ ਵਾਲਾ ਬਾਲ (ਅਗਿਆਨੀ) ਅਜਿਹਾ ਸਮਝੀਆ ਜਾਂਦਾ ਹੈ"। ॥1॥

"ਚੰਗੀ ਬਾਣੀ ਚੰਗੇ ਕੰਮ ਧਰਮ, ਕਰਮ ਦੀ ਪਹਿਚਾਨ ਹੀ ਪੰਡਿਤ (ਗਿਆਨੀ) ਦੀ ਪਹਿਚਾਨ ਹੁੰਦੀ ਹੈ"।॥2॥

"ਭੈੜੀ ਬੋਲੀ ਅਤੇ ਬੁਰੇ ਕੰਮ ਕਰਨ ਵਾਲਾ ਜੋ ਖੁਸ਼ੀ ਚਾਹੁੰਦਾ ਹੈ ਤਾਂ ਉਹ ਗੰਨ੍ਹੇ ਦੇ ਖੇਤ ਨੂੰ ਹਵਾ ਨਾਲ ਸਿੰਜਨ ਦੇ ਸਮਾਨ ਕੰਮ ਕਰਦਾ ਹੈ"। ॥3॥

"ਚੰਗੀ ਬੋਲੀ ਅਤੇ ਚੰਗੇ ਕੰਮ ਦੇ ਰਾਹੀਂ ਮਨੁੱਖ ਸਮੇਂ ਤੇ ਬਰਸਨ ਵਾਲੇ ਬਦਲਾਂ ਦੀ ਤਰ੍ਹਾਂ ਜੱਸ ਨੂੰ ਪ੍ਰਾਪਤ ਕਰਦਾ ਹੈ"। ॥4॥

"ਸਾਧਕ ਅਗਿਆਣੀਆਂ ਦੇ ਨਾਲ ਮੇਲ ਮਿਲਾਪ ਰੱਖੇ, ਨਾ ਉਹਨਾਂ ਨਾਲ ਜਾਣਕਾਰੀ ਵਧਾਵੇ, ਨਾ ਉਹਨਾਂ ਨਾਲ ਧਰਮ, ਅਧਰਮ ਦੀ ਚਰਚਾ ਕਰੇ"। ॥5॥

"ਪਾਪ ਰਾਹੀਂ ਸੰਸਾਰ ਵਿੱਚ ਵੀ ਬੇਇਜਤੀ ਮਿਲਦੀ ਹੈ ਅਤੇ ਮਰਨ ਤੋਂ ਬਾਅਦ ਆਤਮਾ ਦੁਰਗਤੀ ਨੂੰ ਜਾਂਦਾ ਹੈ। ਇਸ ਲਈ ਸਾਧੂ ਅਗਿਆਣੀ ਆਤਮਾ ਨਾਲ ਮੇਲ ਨਾ ਰੱਖੇ"। ॥6॥

"ਸਾਧੂ ਪੁਰਸ਼ਾਂ ਦਾ ਸਮਾਗਮ ਕਰੇ ਸਾਧੂ ਪੁਰਸ਼ਾਂ ਦੀ ਪ੍ਰਸ਼ੰਸ਼ਾ ਕਰੇ, ਗਿਆਨੀ ਪੁਰਸ਼, ਧਰਮ ਦੀ ਚਰਚਾ ਵੀ ਸਾਧੂ ਪੁਰਸ਼ਾਂ ਨਾਲ ਕਰੇ"। ॥7॥

"ਸਾਧੂ ਸੁਭਾਅ ਪੁਰਸ਼ਾਂ ਦੇ ਨਾਲ ਆਤਮਾ ਨੂੰ ਇੱਥੇ ਵੀ ਜੱਸ ਪ੍ਰਾਪਤ ਹੁੰਦਾ ਹੈ ਅਤੇ ਪ੍ਰਲੋਕ ਵਿੱਚ ਵੀ ਸ਼ੁਭ ਗਤੀ ਪ੍ਰਾਪਤ ਹੁੰਦੀ ਹੈ"। ॥8॥

"ਜੋ ਮਨੁੱਖ ਧੰਨ ਇੱਕਠਾ ਕਰਦਾ ਹੈ, ਮੌਤ ਉਸ ਦੇ ਲਈ ਸੰਦੇਸ਼ ਦਿੰਦੀ ਹੈ ਕਿ ਇਹ ਧੰਨ ਸੀਮਿਤ ਹੈ ਅਤੇ ਇਕ ਦਿਨ ਨਸ਼ਟ ਹੋਣ ਵਾਲਾ ਹੈ। ਜੱਦ ਕਿ ਧਰਮ ਦੇ ਵਾਕ ਦਾ ਦਾਣ ਤਾਂ ਨਾ ਖਤਮ ਹੋਣ ਵਾਲਾ ਹੈ ਅਤੇ ਅਮਰ ਹੈ"। ॥9॥

"ਜਿਸ ਪੁੰਨ ਤੀਰਥ ਨੂੰ ਪਾਕੇ ਪ੍ਰਲੋਕ ਵਿੱਚ, ਜਿਸ ਫਲ ਨੂੰ ਤੁਸੀਂ ਭੋਗੋ ਗੇ, ਉਹ ਫਲ ਹਿਰਦੇ ਰੂਪੀ ਭੂਮੀ ਵਿੱਚ ਧਰਮ ਦੇ ਪਾਣੀ ਨਾਲ ਜਲਦੀ ਸ਼ੁੱਧ ਹੁੰਦਾ ਹੈ"। ॥10॥

"ਅਪਣੇ ਸਮੇਂ ਸੁਭਾਵ ਤੋਂ ਬੇਵੱਸ ਹੋ ਕੇ ਪਾਪ ਕਰਨ ਵਾਲੇ ਨੂੰ ਦੁਸ਼ਮਣ ਸਮਝਣਾ ਚਾਹਿਦਾ ਹੈ ਕਿਉਂਕਿ ਉਹ ਦੋਹਾਂ ਲੋਕਾਂ ਦਾ ਨਾਸ਼ ਕਰਦਾ ਹੈ"। ॥11॥

"ਗਿਆਨੀ ਨੂੰ ਪਾਪ ਰਹਿਤ, ਤਿਆਗੀ ਅਜਿਹੇ ਧੀਰਜਵਾਨ ਮਿੱਤਰ ਦਾ ਚੰਗੀ ਤਰ੍ਹਾਂ ਸਾਥ ਕਰਨਾ ਚਾਹਿਦਾ ਹੈ। ਉਸ ਦਾ ਸਾਥ ਪ੍ਰਲੋਕ ਵਿੱਚ ਸੁੱਖਕਾਰੀ ਹੈ"। ॥12॥

"ਦੋਸ਼ ਅਤੇ ਗੁਣ ਮੇਲ ਨਾਲ ਪੈਦਾ ਹੁੰਦੇ ਹਨ। ਹਵਾ ਜਿਸ ਦਿਸ਼ਾ ਵੱਲ ਵੇਹਿੰਦੀ ਹੈ। ਉਸ ਜਗ੍ਹਾ ਦੀ ਗੰਧ ਨੂੰ ਵੀ ਗ੍ਰਹਿਣ ਕਰਦੀ ਹੈ"। ॥13॥

"ਸਾਰੀਆਂ ਨਦੀਆਂ ਲਵਨ ਸਮੁੰਦਰ ਵਿੱਚ ਮਿਲਦੀਆਂ ਹਨ ਅਤੇ ਉੱਥੇ ਪਹੁੰਚਦਿਆ ਹੀ ਅਪਣੀ ਸੁਭਾਵਕ ਮਿਠਾਸ ਖੋ ਕੇ ਖਾਰਾ ਪਣ ਪ੍ਰਾਪਤ ਕਰ ਲੈਂਦੀਆਂ ਹਨ"। ॥14॥

"ਭਿੰਨ ਭਿੰਨ ਰੰਗਾਂ ਵਾਲੇ ਪੰਛੀ ਜਦ ਸਮੇਰੂ ਪਰਬਤ ਤੇ ਪਹੁੰਚਦੇ ਹਨ ਤਾਂ ਸਾਰੇ ਸੋਨੇ ਦੇ ਰੰਗ ਵਾਲੇ ਹੋ ਜਾਂਦੇ ਹਨ। ਇਸ ਪਰਬਤ ਦਾ ਖਾਸ ਗੁੰਣ ਹੈ"। ॥15॥

"ਕਲਿਆਣ ਮਿੱਤਰ ਦੇ ਸਹਿਯੋਗ ਨਾਲ ਮਿਥਿਲਾ ਦੇ ਰਾਜੇ ਸੰਜੇ ਨੇ ਸਾਰੀ ਪ੍ਰਿਥਵੀ ਦੇ ਸੁੱਖ ਭੋਗ ਕੇ ਚੜ੍ਹਦੇ ਸੂਰਜ ਦੀ ਲਾਲੀ ਦੀ ਤਰ੍ਹਾਂ ਦਿਵ ਲੋਕ ਨੂੰ ਪ੍ਰਾਪਤ ਕੀਤਾ"। ॥16॥

"ਮਹਾਂ ਸ਼ਾਲ ਪੁੱਤਰ ਅਰੁਣ ਅਰਹਤ ਰਿਸ਼ਿ ਇਸ ਪ੍ਰਕਾਰ ਆਖਿਆ ਇੰਦਰੀਆਂ ਜੇਤੂ ਅਤੇ ਗਿਆਨਵਾਨ ਸਾਧੂ ਸਮਿਅੱਕਤਵ ਅਤੇ ਅਹਿੰਸਾ ਨੂੰ ਠੀਕ ਤਰ੍ਹਾਂ ਜਾਣ ਕੇ ਹਮੇਸ਼ਾਂ ਕਲਿਆਣਕਾਰੀ ਮਿੱਤਰ ਨਾਲ ਰਹੇ"। ॥17॥

ਇਸ ਪ੍ਰਕਾਰ ਮਹਾਂ ਸ਼ਾਲ ਪੁੱਤਰ ਅਰੁਣ ਅਰਹਤ ਰਿਸ਼ਿ ਨੇ ਆਖਿਆ।

## ਚੌਂਤੀਵਾਂ ਅਧਿਐਨ (ਰਿਸ਼ਿਗਿਰੀ ਅਰਹਤ ਰਿਸ਼ਿ ਭਾਸ਼ਿਤ)

"ਪੰਜ ਸਥਾਨ ਤੋਂ ਪੰਡਤ (ਗਿਆਨੀ) ਅਤੇ ਬਾਲਪੁਰਸ਼ (ਅਗਿਆਨੀ) ਰਾਹੀਂ ਕੀਤੇ ਪਰਿਸੈ ਅਤੇ ਉਤਸ਼ਰਗ (ਕਸ਼ਟਾਂ) ਨੂੰ ਸਹੀ ਠੰਗ ਨਾਲ ਸਹਿਣ ਕਰੇ, ਉਹਨਾਂ ਨੂੰ ਧਾਰਨ ਕਰਕੇ ਕਰੇ, ਖਿਮਾ ਭਾਵ ਰੱਖੇ ਅਤੇ ਜਿੱਤ ਹਾਸਿਲ ਕਰੇ"।

"ਜੇ ਇੱਕ ਅਗਿਆਨੀ ਮਨੁੱਖ ਕਿਸੇ ਪੰਡਤ (ਗਿਆਨੀ) ਨੂੰ ਗੁਪਤ ਰੂਪ ਵਿੱਚ ਕਠੋਰ ਵਚਨ ਬੋਲੇ ਅਤੇ ਗਿਆਨੀ ਉਸ ਨੂੰ ਬਹੁਤ ਬੜਾ ਸਮਝੇ ਅਤੇ ਇਹ ਸੋਚੇ ਕਿ ਇਹ ਪ੍ਰਤਖ ਵਿੱਚ ਤਾਂ ਕੁੱਝ ਨਹੀਂ ਬੋਲ ਰਿਹਾ ਹੈ। ਅਗਿਆਨੀ ਮਨੁੱਖ ਮੂਰਖ ਸੁਭਾਅ ਵਾਲੇ ਹੁੰਦੇ ਹਨ। ਅਗਿਆਨੀਆਂ ਤੋਂ ਕੁੱਝ ਵੀ ਬਚਿਆਂ ਨਹੀਂ ਰਹਿੰਦਾ ਇਹ ਸੋਚ ਕੇ ਵਿਦਵਾਨ ਮਨੁੱਖ ਉਹਨਾਂ ਦੇ ਨਿੰਦਾ ਦੇ ਵਚਨਾ ਨੂੰ ਸਹਿਣ ਕਰੇ ਅਤੇ ਉਹਨਾਂ ਪ੍ਰਤੀ ਖਿਮਾ ਭਾਵ ਰੱਖੇ ਮਨ ਤੋਂ ਸਮਾਧੀ ਭਾਵ ਨੂੰ ਨਸ਼ਟ ਨਾ ਹੋਣ ਦੇਵੇ"।

"ਜੇ ਅਗਿਆਨੀ ਮਨੁੱਖ ਕਿਸੇ ਗਿਆਨੀ ਪੁਰਖ ਨੂੰ ਉਸ ਦੇ ਸਾਹਮਣੇ ਕਠੋਰ ਵਚਨ ਕਹੇ ਤਾਂ ਵੀ ਵਿਦਵਾਨ ਉਸ ਨੂੰ ਬਹੁਤ ਸੋਚੇ ਅਤੇ ਸਮਝੇ। ਮੈਨੇ ਵੇਖਿਆ ਹੈ ਕਿ ਇਹ ਅਗਿਆਨੀ ਮਨੁੱਖ ਸਾਹਮਣੇ ਕਠੋਰ ਵਚਨ ਕਹਿ ਰਿਹਾ ਹੈ ਪਰ ਇਹ ਡੰਡੇ ਨਾਲ, ਲਾਠੀ ਨਾਲ, ਪੱਥਰ ਨਾਲ, ਮੁੱਕੇ ਨਾਲ ਜਾਂ ਠਿਕਰੀ ਨਾਲ ਤਾਂ ਮੈਨੂੰ ਨਹੀਂ ਮਾਰਦਾ ਹੈ ਤੇ ਨਾ ਹੀ ਮੈਨੂੰ ਝਿੜਕਦਾ ਹੈ ਨਾ ਹੀ ਮੈਨੂੰ ਕਸ਼ਟ ਪਹੁੰਚਾਉਂਦਾ ਹੈ, ਨਾ ਹੀ ਮੈਨੂੰ ਤਾੜਦਾ ਹੈ, ਇਹ ਅਗਿਆਨੀ ਮਨੁੱਖ ਮੂਰਖ ਸੁਭਾਵ ਦੇ ਹੁੰਦੇ ਹਨ। ਅਗਿਆਨੀ ਜੋ ਨਾ ਕਰੇ ਉਹੋ ਘੱਟ ਹੈ। ਇਸ ਲਈ ਵਿਦਵਾਨ ਉਹਨਾਂ ਕਸ਼ਟਾਂ ਨੂੰ ਸਹੀ ਢੰਗ ਨਾਲ ਸਹਿਣ ਕਰੇ। ਅਗਿਆਨੀਆਂ ਤੋਂ ਕੁੱਝ ਵੀ ਬਚਿਆਂ ਨਹੀਂ ਰਹਿੰਦਾ ਇਹ ਸੋਚ ਕੇ ਵਿਦਵਾਨ ਮਨੁੱਖ ਉਹਨਾਂ ਦੇ ਨਿੰਦਾ ਦੇ ਵਚਨਾ ਨੂੰ ਸਹਿਣ ਕਰੇ ਅਤੇ ਉਹਨਾਂ ਪ੍ਰਤੀ ਖਿਮਾ ਭਾਵ ਰੱਖੇ ਮਨ ਤੋਂ ਸਮਾਧੀ ਭਾਵ ਨੂੰ ਨਸ਼ਟ ਨਾ ਹੋਣ ਦੇਵੇ"।

"ਜੇ ਅਗਿਆਨੀ ਕਿਸੇ ਪ੍ਰਗਿਆ (ਗਿਆਨਵਾਨ) ਤੇ ਕਿਸੇ ਹੋਰ ਪ੍ਰਕਾਰ ਨਾਲ ਵਾਰ ਕਰਦਾ ਹੈ ਤਾਂ ਗਿਆਨੀ ਪੁਰਸ਼ ਸੋਚੇ ਕਿ ਇਹ ਡੰਡੇ ਦੇ ਪ੍ਰਹਾਰ ਕਰਕੇ ਹੀ ਰੁੱਕ ਗਿਆ ਹੈ ਪਰ ਇਸ ਨੇ ਹਥਿਆਰ ਆਦਿ ਨਾਲ ਮੇਰੇ ਸਰੀਰ ਨੂੰ ਕਸ਼ਟ ਨਹੀਂ ਪਹੁੰਚਾਇਆ ਇਹ ਸੋਚੇ, ਅਗਿਆਨੀ ਮੂਰਖ ਸੁਭਾਵ ਵਾਲੇ ਹੁੰਦੇ ਹਨ। ਗਿਆਨੀ ਉਹਨਾਂ ਕਸ਼ਟਾਂ ਨੂੰ ਠੀਕ ਢੰਗ ਨਾਲ ਸਹੇ। ਜੇ ਗਿਆਨੀ ਪੁਰਸ਼ ਜੇ ਕਿਸੇ ਸਰੀਰਕ ਅੰਗ ਤੇ ਹਥਿਆਰ ਨਾਲ ਵਾਰ ਕਰਦਾ ਹੈ ਛੇਦਦਾ ਹੈ ਤੱਦ ਵੀ ਗਿਆਨੀ ਉਸ ਨੂੰ ਬਹੁਤ ਸਮਝੇ ਇਹ ਸੋਚੇ ਕਿ ਮੈਨੇ ਵੇਖਿਆ ਹੈ ਕਿ ਅਗਿਆਨੀ ਜੀਵ ਹਥਿਆਰ ਨਾਲ ਛੇਦਨ ਭੇਦਨ ਕਰਦਾ ਹੈ। ਪਰ ਉਸ ਨੇ ਮੇਰੀ ਜਿੰਦਗੀ ਤਾਂ ਸਮਾਪਤ ਨਹੀਂ ਕੀਤੀ। ਅਗਿਆਨੀ ਦਾ ਜੀਵਨ ਮੂਰਖਤਾ ਭਰੀਆ ਰਹਿੰਦਾ ਹੈ। ਅਗਿਆਨੀ ਜੋ ਨਾ ਕਰੇ ਉਹ ਹੀ ਘੱਟ ਹੈ ਇਸ ਲਈ ਸਾਧਕ ਉਸ ਨੂੰ ਠੀਕ ਢੰਗ ਨਾਲ ਸਹਿਣ ਕਰੇ"।

"ਜੇ ਕੋਈ ਅਗਿਆਨੀ ਕਿਸੇ ਗਿਆਨੀ ਦਾ ਜੀਵਨ ਸਮਾਪਤ ਵੀ ਕਰ ਦਿੰਦਾ ਹੈ ਤਾਂ ਵੀ ਗਿਆਨੀ ਉਸ ਨੂੰ ਬਹੁਤ ਸਮਝੇ ਅਤੇ ਸੋਚੇ (ਮੈਨੇ ਵੇਖਿਆ ਹੈ ਇਹ ਅਗਿਆਨੀ ਮੇਰਾ ਜੀਵਨ ਹੀ ਸਮਾਪਤ ਕਰ ਰਿਹਾ ਹੈ ਪ੍ਰੰਤੂ ਮੈਨੂੰ ਧਰਮ ਤੋਂ ਤਾਂ ਅਲਗ ਨਹੀਂ ਕਰ ਰਿਹਾ ਹੈ) ਅਗਿਆਨੀ ਮਨੁੱਖ ਮੂਰਖ ਸੁਭਾਵ ਦੇ ਹੁੰਦੇ ਹਨ। ਉਹ ਜੋ ਨਾ ਕਰੇ ਉਹੀ ਘੱਟ ਹੈ। ਇਸ ਲਈ ਵਿਦਵਾਨ ਉਹਨਾਂ ਕਸ਼ਟਾਂ ਨੂੰ ਸਹੀ ਢੰਗ ਨਾਲ ਸਹਿਣ ਕਰੇ। ਅਗਿਆਨੀਆਂ ਤੋਂ ਕੁੱਝ ਵੀ ਬਚਿਆਂ ਨਹੀਂ ਰਹਿੰਦਾ ਇਹ ਸੋਚ ਕੇ ਵਿਦਵਾਨ ਮਨੁੱਖ ਉਹਨਾਂ ਦੇ ਨਿੰਦਾ ਦੇ ਵਚਨਾ ਨੂੰ ਸਹਿਣ ਕਰੇ ਅਤੇ ਉਹਨਾਂ ਪ੍ਰਤੀ ਖਿਮਾ ਭਾਵ ਰੱਖੇ ਮਨ ਤੋਂ ਸਮਾਧੀ ਭਾਵ ਨੂੰ ਨਸ਼ਟ ਨਾ ਹੋਣ ਦੇਵੇ"।

ਰਿਸ਼ਿ ਗਿਰੀ ਨਾਮਕ ਬ੍ਰਾਹਮਣ ਪਰਿਵਾਜਕ ਰਿਸ਼ਿ ਨੇ ਇਸ ਪ੍ਰਕਾਰ ਆਖਿਆ, "ਗਿਆਨੀ ਅਪਣੇ ਆਪ ਨੂੰ ਹਰ ਪ੍ਰਕਾਰ ਨਾਲ ਖੁਸ਼ ਰੱਖੇ ਅਗਿਆਨੀ ਰਾਹੀਂ ਕੀਤੇ ਗਏ ਦਵੇਸ਼ ਦੀ ਕੋਸ਼ਿਸ ਵੀ ਉਸ ਦੇ ਲਈ ਹਿੱਤਕਾਰੀ ਹੁੰਦੀ ਹੈ"। ॥1॥

"ਅਪ੍ਰਤਿਗਯ (ਰਾਗ ਦਵੇਸ਼) ਭਾਵ ਤੋਂ ਰਹਿਤ ਨਹੀਂ ਹੁੰਦਾ ਹੈ, ਸਾਧੂ ਆਪ ਇਹਨਾਂ ਵਿੱਚ ਨਹੀਂ ਫਸਦਾ ਭਾਵ ਭਵਿੱਖ ਦੇ ਸੰਕਲਪ, ਵਿਕਲਪ ਤੋਂ ਗੁੱਸੇ ਨਹੀਂ ਹੁੰਦਾ। ਸਾਧੂ ਆਪ ਗੁੱਸਾ ਨਹੀਂ ਕਰਦਾ ਜੋ ਅਪ੍ਰਤਿਗਯ ਹੁੰਦਾ ਹੈ ਉਹ ਹੀ ਸੱਚਾ ਬ੍ਰਾਹਮਣ ਹੈ"। ॥2॥

"ਦੀਨ ਵਿਅਕਤੀ ਦੇਹ ਦੀ ਇੱਛਾ ਤੋਂ ਛੁੱਟ ਹੋਰ ਕੀ ਕਰ ਸਕਦਾ ਹੈ? ਜਾਂ ਕਦੇ ਮੌਤ ਦੀ ਇੱਛਾ ਕਰਦਾ ਹੈ, ਪਰ ਉਸ ਦੇ ਦੂਸਰੇ ਤੱਤਵ ਨੂੰ ਨਸ਼ਟ ਕਰਦਾ ਹੈ"। ॥3॥

"ਸੰਸਾਰ ਨੂੰ ਆਤੂਰ (ਕਸ਼ਟ ਵਾਲਾ) ਅਤੇ ਭਿੰਨ ਭਿੰਨ ਰੋਗਾਂ ਵਾਲਾ ਜਾਣ ਕੇ ਸਾਧੂ ਮਮਤਾ ਅਤੇ ਅਹੰਕਾਰ ਰਹਿਤ ਹੋ ਕੇ ਇੰਦਰੀਆਂ ਦਾ ਜੇਤੂ ਬਣੇ"। ॥4॥

"ਪੰਜ ਮਹਾਂਵਰਤਾ ਦਾ ਧਾਰਕ ਕਸ਼ਾਏ ਰਹਿਤ ਇੰਦਰੀਆਂ ਜੇਤੂ ਅਤੇ ਇੰਦਰੀਆਂ ਦੇ ਵਿਸ਼ੇ ਨੂੰ ਰੋਕਣ ਵਾਲਾ ਸਾਧੂ ਸੁੱਖ ਨਾਲ ਸੋਂਦਾ ਹੈ ਅਤੇ ਕਸ਼ਟ ਰਹਿਤ ਹੋ ਕੇ ਜੀਵਨ ਗੁਜਾਰਦਾ ਹੈ"। ॥5॥

"ਜੋ ਕਾਮ ਭੋਗ ਵਿੱਚ ਨਹੀਂ ਫਸਦਾ, ਜਿਸ ਨੇ ਵਾਸ਼ਨਾ ਦੇ ਝਰਨੇ ਨੂੰ ਸੁਖਾ ਦਿਤਾ ਹੈ, ਉਹ ਹੀ ਕਰਮ ਦੇ ਰਾਹ ਨੂੰ ਰੋਕ ਸਕਦਾ ਹੈ। ਜੋ ਆਸ਼ਰਵ ਰਹਿਤ ਹੈ ਉਹ ਹੀ ਦੁੱਖ ਪ੍ਰੰਪਰਾ ਨੂੰ ਰੋਕ ਸਕਦਾ ਹੈ ਅਤੇ ਕਰਮ ਧੂੜ ਰਹਿਤ ਹੋ ਕੇ ਸ਼ਾਸਵਤ ਸਿੱਧ ਗਤੀ ਨੂੰ ਪ੍ਰਾਪਤ ਕਰਦਾ ਹੈ"। ॥6॥

ਅਜਿਹਾ ਰਿਸ਼ਿਗਿਰੀ ਅਰਹਤ ਰਿਸ਼ਿ ਨੇ ਆਖਿਆ।

## ਪੈਂਤੀਵਾਂ ਅਧਿਐਨ (ਅਦਾਲਕ ਅਰਹਤ ਰਿਸ਼ਿ ਭਾਸ਼ਿਤ)

"ਕਰੋਧ ਕਰਦੇ ਹੋਏ, ਮਾਨ ਕਰਦੇ ਹੋਏ, ਛੁਪਾਉਂਦੇ ਹੋਏ ਅਤੇ ਲੋਭ ਕਰਦੇ ਹੋਏ ਜੀਵ ਚਾਰ ਸਥਾਨਾਂ ਤੋਂ ਪਾਪ ਗ੍ਰਹਿਣ ਕਰਦੇ ਹਨ। ਪਾਪ ਗ੍ਰਹਿਣ ਕਰਕੇ ਚਾਰ ਗਤੀ ਸੰਸਾਰ ਰੂਪੀ ਜੰਗਲ ਵਿੱਚ ਵਾਰ ਵਾਰ ਅਪਣੀ ਆਤਮਾਂ ਨੂੰ ਭਟਕਾ ਕੇ ਆਤਮ ਗੁਣਾ ਦਾ ਨਾਸ਼ ਕਰਦੇ ਹਨ। ਉਹ ਅਵਗੁਣ ਕਸ਼ਾਏ ਹਨ ਕਰੋਧ, ਮਾਨ, ਮਾਇਆ ਅਤੇ ਲੋਭ"।

"ਹੁਣ ਮੈਂ ਕਸ਼ਾਏ ਦੇ ਪ੍ਰਤੀ ਕਰੋਧ ਨਹੀਂ ਕਰਦਾ, ਮਾਨ ਨਹੀਂ ਕਰਦਾ, ਧੋਖੇ ਤੋਂ ਦੂਰ ਰਹਿੰਦਾ ਹਾਂ ਅਤੇ ਲੋਭ ਨਹੀਂ ਕਰਦਾ। ਤਿੰਨ ਗੁਪਤੀਆਂ ਤੋਂ ਗੁਪਤ ਤਿੰਨ ਦੰਡ (ਮਨ, ਵਚਨ ਤੇ ਸ਼ਰੀਰ) ਤੋਂ ਰਹਿਤ, ਸ਼ਲਯ (ਕੰਡੇ) ਰਹਿਤ, ਅਹੰਕਾਰ ਰਹਿਤ, ਚਾਰ ਨਾ ਆਖਨਯੋਗ ਕਥਾਵਾਂ ਤੋਂ ਰਹਿਤ, ਪੰਜ ਸਮਿਤੀਆਂ ਨਾਲ ਭਰਪੂਰ, ਪੰਜ ਇੰਦਰੀਆਂ ਰਾਹੀਂ ਸਰੀਰ ਧਾਰਨ ਕਰਨ ਦੇ ਲਈ ਇਹਨਾਂ ਯੋਗਾਂ ਦੇ ਕਾਬੂ ਕਰਨ ਲਈ, ਨੌਂ ਕੋਟੀ ਪਰਿਸ਼ੁੱਧ ਦੱਸ ਦੋਸ਼ਾਂ ਤੋਂ ਮੁਕਤ, ਉਦਭਮ ਅਤੇ ਉਤਪਾਦ ਦੇ ਦੋਸ਼ਾਂ ਤੋਂ ਸ਼ੁੱਧ, ਦੂਸਰੇ ਘਰਾਂ ਦੇ ਲਈ ਬਣਾਇਆ ਹੋਇਆ, ਅੱਗ ਅਤੇ ਧੂਏਂ ਰਹਿਤ ਸ਼ਸਤਰ ਤੋਂ ਰਹਿਤ ਅਤੇ ਸ਼ਸਤਰ ਰਾਹੀਂ ਪ੍ਰਨਿਤ ਭੋਜਨ, ਆਸਨ ਅਤੇ ਹੋਰ ਲੋੜ ਦਿਆਂ ਵਸਤੂਆਂ ਗ੍ਰਹਿਣ ਕਰਦਾ ਹਾਂ ਅਤੇ ਆਤਮਾ ਨੂੰ ਸ਼ੁਧ ਕਰਦਾ ਹਾਂ" ਅਜਿਹਾ ਅਦਾਲਕ ਅਰਹਤ ਰਿਸ਼ਿ ਨੇ ਆਖਿਆ।

"ਅਗਿਆਨ ਨਾਲ ਘਿਰੀਆ ਮੂਰਖ ਆਤਮਾ ਕੇਵਲ ਵਰਤਮਾਨ ਨੂੰ ਵੇਖਦਾ ਹੈ, ਕਰੋਧ ਨੂੰ ਮਹਾਂਵਾਨ ਮੰਨਕੇ ਉਸ ਰਾਹੀਂ ਅਪਣੇ ਆਪ ਨੂੰ ਬਿੰਨ ਲੈਂਦਾ ਹੈ"। ॥1॥

"ਬਾਨ ਨਾਲ ਜਖਮੀ ਹੋਣ ਤੇ ਇੱਕ ਜਨਮ ਬਿਗੜਦਾ ਹੈ, ਕਰੋਧ ਬਾਨ ਦੇ ਆਉਂਣ ਤੇ ਜਨਮ ਮਰਨ ਦੀ ਪ੍ਰੰਪਰਾ ਹੀ ਖਰਾਬ ਹੋ ਜਾਂਦੀ ਹੈ" ਅਜਿਹਾ ਮੈਂ ਮੰਨਦਾ ਹਾਂ। ॥2॥

"ਅਗਿਆਨ ਨਾਲ ਘਿਰਿਆ ਆਤਮਾ ਮਾਨ ਨੂੰ ਪਕੜ ਕੇ ਰੱਖਦਾ ਹੈ ਅਤੇ ਮਾਨ ਨੂੰ ਮਹਾਂ ਬਾਨ ਬਣਾ ਕੇ ਆਤਮਾ ਅਪਣੇ ਆਪ ਨੂੰ ਬਿੰਨ ਲੈਂਦਾ ਹੈ"।

"ਮਾਨ ਨਾਲ ਬਿੰਨੀਆਂ ਆਤਮਾ ਇੱਕ ਜਨਮ ਹੀ ਨਸ਼ਟ ਕਰਦਾ ਹੈ, ਕਿੰਤੂ ਮਾਨ ਦੇ ਬਾਨ ਨਾਲ ਬਿੰਨੀਆਂ ਆਤਮਾ ਅਨੇਕਾਂ ਜਨਮਾਂ ਦੀ ਪ੍ਰੰਪਰਾ ਨੂੰ ਖਰਾਬ ਕਰਦਾ ਹੈ। ਅਜਿਹਾ ਮੈਂ ਮੰਨਦਾ ਹਾਂ"। ॥3-4॥

"ਅਗਿਆਨ ਦੇ ਹਨੇਰੇ ਵਿੱਚ ਰਿਹਾ ਆਤਮਾ ਵਰਤਮਾਨ ਨੂੰ ਪਕੜਦਾ ਹੈ, ਮਾਇਆਂ ਦੇ ਮਹਾਂ ਬਾਨ ਬਣਾ ਕੇ ਆਤਮਾ ਅਪਣੇ ਆਪ ਨੂੰ ਬਿੰਨ ਲੈਂਦਾ ਹੈ। ਦੂਸਰੇ ਬਾਨ ਦੇ ਨਾਲ ਬਿੰਨੇ ਜਾਣ ਨਾਲ ਤਾਂ ਇੱਕ ਜਨਮ ਨਸ਼ਟ ਹੁੰਦਾ ਹੈ ਪ੍ਰੰਤੂ ਮਾਇਆ ਦੇ ਬਾਨ ਨਾਲ ਬਿੰਨੇ ਜਾਣ ਨਾਲ ਅਨੇਕਾਂ ਜਨਮਾਂ ਦੀ ਪ੍ਰੰਪਰਾ ਨੂੰ ਖਰਾਬ ਕਰਦਾ ਹੈ" ਅਜਿਹਾ ਮੈਂ ਮੰਨਦਾ ਹਾਂ। ॥5-6॥

"ਅਗਿਆਨ ਦੇ ਹਨੇਰੇ ਵਿੱਚ ਰਿਹਾ ਆਤਮਾ ਵਰਤਮਾਨ ਨੂੰ ਪਕੜਦਾ ਹੈ। ਲੋਭ ਦੇ ਮਹਾਂ ਬਾਨ ਮੰਨਕੇ ਆਤਮਾ ਅਪਣੇ ਆਪ ਨੂੰ ਬਿੰਨ ਲੈਂਦਾ ਹੈ। ਦੂਸਰੇ ਬਾਨ ਦੇ ਨਾਲ ਬਿੰਨੇ ਜਾਣ ਨਾਲ ਤਾਂ ਇੱਕ ਜਨਮ ਨਸ਼ਟ ਹੁੰਦਾ ਹੈ ਪ੍ਰੰਤੂ ਲੋਭ ਦੇ ਬਾਨ ਨਾਲ ਬਿੰਨੇ ਜਾਣ ਨਾਲ ਅਨੇਕਾਂ ਜਨਮਾਂ ਦੀ ਪ੍ਰੰਪਰਾ ਨੂੰ ਖਰਾਬ ਕਰਦਾ ਹੈ" ਅਜਿਹਾ ਮੈਂ ਮੰਨਦਾ ਹਾਂ। ॥7-8॥

"ਇਸ ਸਾਧਕ ਕਸ਼ਾਏ ਨਸ਼ਟ ਹੋਣ ਤੇ ਸਹੀ ਰੂਪ ਵਿੱਚ ਸ਼ੁਧ ਬੁਧੀ ਨੂੰ ਪ੍ਰਾਪਤ ਕਰੇ, ਅਪਣੇ ਤੇ ਪਰਾਏ ਦਾ ਗਿਆਨ ਕਰਕੇ ਵਿਸ਼ੇ ਵਿਕਾਰ ਰਹਿਤ ਹੋ ਕੇ ਘੁੰਮੇ"। ॥9॥

"ਜਿਹਨਾਂ ਮਨੁੱਖਾਂ ਅਤੇ ਵਸਤੂਆਂ ਵਿੱਚ ਕਰਮ ਬੰਧਨ ਦੇ ਕਾਰਨ ਅਤੇ ਮਹਾਨ ਡਰ ਪੈਦਾ ਕਰਨ ਵਾਲੇ ਕਰੋਧ ਆਦਿ ਉਤਪਨ ਹੁੰਦੇ ਹਨ। ਸਾਧੂ ਉਹਨਾਂ ਸਾਰੀਆਂ ਵਸਤੂਆਂ ਨੂੰ ਛੱਡ ਦੇਵੇ"। ॥10॥

"ਸ਼ਸਤਰ, ਸ਼ਲਯ, ਜ਼ਹਿਰ, ਜੰਤਰ, ਸ਼ਰਾਬ, ਸੱਪ ਅਤੇ ਕੋੜੇ ਬੋਲ ਤੋਂ ਰੋਕਣ ਵਾਲਾ ਮਨੁੱਖ ਉਹਨਾਂ ਦੇ ਕਾਰਨਾਂ ਤੋਂ ਭਰਵਾਬਤ ਨਹੀਂ ਹੁੰਦਾ"। ॥11॥

"ਸਾਧੂ ਅਪਣੇ ਅਤੇ ਪਰਾਏ ਪ੍ਰਤੀ ਸਮ ਭਾਵ ਨੂੰ ਜਾਣੇ, ਨਾਲ ਹੀ ਆਤਮ ਕਲਿਆਨ ਅਤੇ ਹੋਰ ਪਦਾਰਥਾਂ ਨੂੰ ਵੀ ਜਾਣੇ"। ॥12॥

"ਜਦ ਅਪਣਾ ਘਰ ਜਲ ਰਿਹਾ ਹੈ ਕਿਸੇ ਦੂਸਰੇ ਦੇ ਘਰ ਵੱਲ ਕਿਉਂ ਭੱਜ ਰਹੇ ਹੋ? ਅਪਣੇ ਘਰ ਦੀ ਅੱਗ ਬੁੱਜਾ ਕੇ ਹੀ ਦੂਸਰੇ ਦੇ ਘਰ ਵੱਲ ਜਾਉ"। ॥13॥

"ਆਤਮਾ ਦਾ ਭਲਾ ਚਾਹੁੰਣ ਵਾਲਾ ਹਮੇਸ਼ਾ ਜਾਗਰਤ ਰਹੇ, ਪ੍ਰਮਾਦ (ਅਣਗਹਿਲੀ) ਨੂੰ ਧਾਰਨ ਨਾ ਕਰੇ, ਜੋ ਦੂਸਰੇ ਦੇ ਕੰਮ ਨੂੰ ਅਪਣਾਉਂਦਾ ਹੈ, ਉਹ ਅਪਣਾ ਕੰਮ ਵੀ ਖੋ ਬੈਠਦਾ ਹੈ"। ॥14॥

"ਦੂਸਰਾ ਕੋਈ ਪਾਪ ਕਰ ਰਿਹਾ ਹੈ ਤਾਂ ਤੁਹਾਨੂੰ ਚੁੱਪ ਧਾਰਨ ਕਰਨ ਵਿੱਚ ਕੀ ਨੁਕਸ਼ਾਨ ਹੈ"। ॥15॥

"ਆਤਮਾਰਥੀ ਨਿਰਜਰਾ ਦਾ ਕਾਰਨ ਹੈ ਅਤੇ ਦੂਸਰੇ ਦੀ ਨਿਗਾਹ ਰੱਖਨ ਵਾਲਾ ਕਰਮਬੰਧ ਦਾ ਕਾਰਨ ਬਣਦਾ ਹੈ। ਆਤਮਾ ਹੀ ਅਪਣੇ ਅਤੇ ਪਰਾਏ ਲਈ ਸਮਾਧੀ (ਸੁੱਖ) ਦਾ ਕਰਨ ਵਾਲਾ ਹੈ"। ॥16॥

"ਅਨਜਾਣ ਮਹਿਲ ਦੇ ਝਰੋਖੇ ਵਿੱਚ ਬਹਾਦਰ ਸਪਾਹੀ ਦੇ ਜਾਗਨ ਨਾਲ ਕੀ ਹੋਵੇਗਾ? ਖੁਦ ਨੂੰ ਹੀ ਜਾਗਨਾ ਹੋਵੇਗਾ ਕਿਉਂਕਿ ਇਹ ਪਿੰਡ (ਸੰਸਾਰ) ਚੋਰਾਂ ਦਾ ਹੈ"।॥17॥

"ਜਾਗੋ ਨਾ ਸੋਵੋ, ਧਰਮ ਆਚਰਨ ਪ੍ਰਤੀ ਅਣਗਹਿਲੀ ਹੋਣ ਤੇ ਤੁਹਾਡੇ ਸੰਜਮੀ ਜੀਵਨ ਵਿੱਚ ਕੀਤੇ ਚੋਰ ਨਾ ਆ ਜਾਣ ਅਤੇ ਲੁੱਟ ਮਾਰ ਨਾ ਕਰਨ"। ॥18॥

"ਪੰਜ ਇੰਦਰੀਆਂ, ਸੰਗਿਆ, ਦੰਡ, ਸ਼ਲਯ, 3 ਗਰਭ, 22 ਪਰੀਸ਼ਏ ਅਤੇ ਚਾਰ ਕਸ਼ਾਏ ਇਹ ਸਭ ਚੋਰ ਹਨ"। ॥19॥

"ਮਨੁੱਖੋ - ਹਮੇਸ਼ਾ ਜਾਗਦੇ ਰਹੋ ਧਰਮ ਪਾਲਨ ਵਿੱਚ ਅਣਗਹਿਲੀ ਨਾ ਕਰੋ, ਤੁਹਾਡੇ ਜੀਵਨ ਵਿੱਚ ਇਹ ਚੋਰ ਦੁਰਗਤੀ ਬਨਾਉਣ ਲਈ ਬਹੁਤ ਨੀਚ ਕਰਮ ਕਰਦੇ ਹਨ"। ॥20॥

"ਇਸ ਅਗਿਆਨ ਝਰੋਖੇ ਵਿੱਚੋਂ ਤੂੰ ਜਾਗਦਾ ਹੋਇਆ ਵੀ ਸੋ ਰਿਹਾ ਹੈ। ਜਿਵੇਂ ਕੋਈ ਗਰੀਬ ਜਖਮ ਹੋ ਜਾਣ ਤੇ ਦਵਾਈ ਨਹੀਂ ਲੈਂਦਾ ਅਤੇ ਦਵਾਈ ਖ੍ਰੀਦਣ ਵਿੱਚ ਅਸਮਰਥ ਰਹਿੰਦਾ ਹੈ। ਇਸੇ ਪ੍ਰਕਾਰ ਤੁਸੀਂ ਵੀ ਸਮਝੋ ਕਿ ਆਤਮ ਜਾਗਰਿਤੀ ਤੋਂ ਬਿਨਾ ਤੁਸੀ ਧਰਮ ਤੱਤਵ ਨੂੰ ਨਹੀਂ ਪਾ ਸਕੋਗੇ"। ॥21॥

"ਮਨੁੱਖੋ - ਸਦਾ ਜਾਗਦੇ ਰਹੋ, ਜਾਗਦੇ ਰਹਿਨ ਵਾਲਾ ਹੀ ਸਦਾ ਸੁੱਖੀ ਰਹਿੰਦਾ ਹੈ, ਜੋ ਸੌਂਦਾ ਹੈ, ਉਸ ਲਈ ਸੁੱਖ ਨਹੀ। ਜਾਗਰਤ ਅਵਸਥਾ ਵਿੱਚ ਹੀ ਸੁੱਖ ਹੈ"। ॥22॥

"ਜਾਗਰਤ ਵੀਰ ਮੁਨੀ ਨੂੰ ਦੋਸ਼ ਉਸੇ ਪ੍ਰਕਾਰ ਦੂਰ ਤੋਂ ਹੀ ਛੱਡ ਦਿੰਦੇ ਹਨ। ਜਿਵੇਂ ਕਿ ਜਲਨ ਦੇ ਡਰ ਤੋਂ ਡਰਨ ਵਾਲੇ ਨੂੰ ਵਲਦੀ ਅੱਗ ਨੂੰ ਵੇਖ ਕੇ ਹੀ ਦੂਰ ਹੱਟ ਜਾਂਦੇ ਹਨ"। ॥23॥

ਇਸ ਪ੍ਰਕਾਰ ਅਰਹਤ ਰਿਸ਼ਿ ਆਖਦੇ ਹਨ।

## ਛੱਤੀਵਾਂ ਅਧਿਐਨ (ਤਾਰਾਇਨ ਅਰਹਤ ਰਿਸ਼ਿ ਭਾਸ਼ਿਤ)

"ਉੂਗਰ (ਵਿਸ਼ਾਲ) ਰੂਪ ਵਿੱਚ ਉਤਪਨ ਹੋਣ ਵਾਲੀ, ਕਰੋਧ ਵਿੱਚ ਉਬਲਦੇ ਹੋਏ ਮਨੁੱਖ ਨੂੰ ਮੈਂ ਮਿੱਠੇ ਵਚਨ ਆਖਾਂਗਾ, ਸ਼ਾਂਤ ਵਚਨ ਆਖਾਂਗਾ, ਕਰੋਧ ਤੋਂ ਜਲ ਭੁੰਨੇ ਮਨੁੱਖ ਨੂੰ ਮੈਂ ਕਰੋਧ ਰਹਿਤ ਵਚਨ ਆਖਾਂਗਾ ਇਸ ਪ੍ਰਕਾਰ ਅਧਿਆਤਮਕ ਲੱਕਸ਼ਮੀ ਦੇ ਮਾਲਕ" ਤਾਰਾਇਨ ਅਰਹਤ ਰਿਸ਼ਿ ਨੇ ਆਖਿਆ।

"ਕਰੋਧ ਪਾਤਰ (ਮਨੁੱਖ) ਦੇ ਪ੍ਰਤੀ ਕੀਤਾ ਕਰੋਧ ਮੇਰੇ ਅਤੇ ਉਸ ਦੇ ਲਈ ਦੁੱਖ ਰੂਪ ਹੁੰਦਾ ਹੈ। ਇਸ ਲਈ ਉਤਪਨ ਹੋਏ ਕਰੋਧ ਨੂੰ ਜਲਦੀ ਹੀ ਰੋਕ ਦੇਣਾ ਚਾਹਿਦਾ ਹੈ"। ॥1॥

"ਕਰੋਧ ਹੈ, ਅੱਗ ਹੈ, ਹਨੇਰਾ ਹੈ, ਮੌਤ ਹੈ, ਜ਼ਹਿਰ ਹੈ, ਦੁਸ਼ਮਣ ਹੈ, ਮਿੱਟੀ ਹੈ, ਬਿਮਾਰੀ ਹੈ, ਬੁੱਢਾਪਾ ਹੈ, ਨੁਕਸਾਨ ਹੈ, ਡਰ ਹੈ, ਸੋਗ ਹੈ, ਮੋਹ ਹੈ, ਸ਼ਲਯ ਹੈ ਅਤੇ ਹਾਰ ਹੈ"। ॥2॥

"ਅੱਗ ਦੀ ਸ਼ਕਤੀ ਮਹਾਨ ਹੈ, ਕਰੋਧ ਦੀ ਸ਼ਕਤੀ ਉਸ ਤੋਂ ਜਿਆਦਾ ਹੈ, ਅੱਗ ਦੀ ਪਕੜ ਤਾਂ ਥੋੜੀ ਹੈ ਪਰ ਕਰੋਧ ਦੀ ਪਕੜ ਮਰਿਆਦਾ ਰਹਿਤ ਹੈ"। ॥3॥

"ਬਾਹਰ ਦੀ ਜਲਦੀ ਅੱਗ ਨੂੰ ਪਾਣੀ ਨਾਲ ਬੁਝਾਇਆ ਜਾ ਸਕਦਾ ਹੈ ਪਰ ਕਰੋਧ ਦੀ ਅੱਗ ਨੂੰ ਸਾਰੇ ਸਮੰਦਰਾ ਦਾ ਪਾਣੀ ਵੀ ਨਹੀਂ ਬੁੱਝਾ ਸਕਦਾ"। ॥4॥

"ਅੱਗ ਤਾਂ ਕੇਵਲ ਇੱਕ ਜਨਮ ਨੂੰ ਜਲਾਉਂਦੀ ਹੈ ਅਤੇ ਅੱਗ ਦਾ ਜਖਮੀ ਵਿੱਅਕਤੀ ਬਾਅਦ ਵਿੱਚ ਠੀਕ ਵੀ ਹੋ ਸਕਦਾ ਹੈ, ਪਰ ਕਰੋਧ ਦੀ ਅੱਗ ਤਾਂ ਬਿਨ੍ਹਾ ਸੇਕ ਲੋਕ ਤੇ ਪਰਲੋਕ ਨੂੰ ਜਲਾਉਂਦੀ ਹੈ"। ॥5॥

"ਅੱਗ ਵਿੱਚ ਜਲਨ ਵਾਲਾ ਮਨੁੱਖ ਸ਼ਾਂਤੀ ਚਾਹੁੰਦਾ ਹੈ ਪਰ ਕਰੋਧ ਦੀ ਅੱਗ ਵਿਚ ਜਲੇ ਹੋਏ ਜੀਵ, ਫਿਰ ਉਸ ਦੁੱਖ ਨੂੰ ਬੁਲਾਵਾ ਦਿੰਦੇ ਹਨ"। ॥6॥

"ਮਣਨੀ ਅਤੇ ਜੋਤੀ ਦੇ ਦੁਆਰਾ ਹਨੇਰਾ ਦੂਰ ਕੀਤਾ ਜਾ ਸਕਦਾ ਹੈ ਪਰ ਕਰੋਧ ਦਾ ਹਨੇਰਾ ਤਾਂ ਸੰਸਾਰ ਦੇ ਸਾਰੇ ਦੇਹ ਧਾਰੀ ਜੀਵ ਵੀ ਦੂਰ ਨਹੀਂ ਕਰ ਸਕਦੇ। ਕਰੋਧ ਰੂਪੀ ਗ੍ਰਹਿ ਨਾਲ ਘਿਰੇ ਹੋਏ ਮਨੁੱਖ ਦੀ ਬੁੱਧੀ, ਅਕਲ, ਗੰਭੀਰਤਾ ਅਤੇ ਸਰਲਤਾ ਸੱਭ ਪ੍ਰਭਾਵਹੀਨ ਹੋ ਜਾਂਦੇ ਹਨ"। ॥7-8॥

"ਪਹਿਲਾਂ ਸੰਜਮ ਵਿੱਚ ਸਮੇਰੂ ਦੇ ਸਮਾਨ ਗੰਭੀਰ ਸਾਰਵਾਲਾ ਰਿਹਾ ਹੋਵੇ ਫਿਰ ਵੀ ਕਰੋਧ ਪੈਦਾ ਹੋਣ ਦੀ ਧੂੜ ਨਾਲ ਲਿਬੜਿਆ ਹੋ ਕੇ ਅਜਿਹਾ ਵਿਅਕਤੀ ਸਾਰਹੀਨ ਹੋ ਜਾਂਦਾ ਹੈ"। ॥9॥

"ਜਿਵੇਂ ਮਹਾਂ ਜ਼ਹਿਰੀਲਾ ਸੱਪ ਅਹੰਕਾਰ ਵਿੱਚ ਆ ਕੇ ਦਰਖਤ ਨੂੰ ਡੱਸ ਲੈਂਦਾ ਹੈ ਤੇ ਉਸ ਦੇ ਅੰਕੁਰ ਨਹੀਂ ਫੁੱਟਦੇ ਜਾਂ ਕਿਸੇ ਮਹਾਂ ਪੁਰਸ਼ ਨੂੰ ਡੱਸਦਾ ਹੈ ਤਾਂ ਉਸ ਨੂੰ ਕੋਈ ਹੈਰਾਨੀ ਨਹੀਂ ਹੁੰਦੀ। ਜੱਦ ਉਹ ਜੀਵ ਕਰੋਧੀ ਹੋ ਕੇ ਰਹਿ ਜਾਂਦਾ ਹੈ। ਕਿਉਂਕਿ ਉਸ ਦਾ ਵਿਸ਼ ਵਿਅਰਥ ਚਲਾ ਗਿਆ ਅਤੇ ਉਹ ਜ਼ਹਿਰ ਤੋਂ ਰਹਿਤ ਹੋ ਜਾਂਦਾ ਹੈ। ਉਸੇ ਪ੍ਰਕਾਰ ਮਹਾਨ ਬੱਲਸ਼ਾਲੀ ਤੱਪਸਵੀ ਵੀ ਕਰੋਧ ਕਰਦੇ ਹਨ। ਪਰ ਛੇਤੀ ਹੀ ਤੱਪਸੀਆਂ ਰਾਹੀਂ ਕਰੋਧ ਨੂੰ ਸਮਾਪਤ ਕਰਦੇ ਹਨ"। ॥10-11॥

"ਗੰਭੀਰ ਤਪਸਿਆ ਰਾਹੀਂ ਜੋ ਪ੍ਰਾਣੀ ਸ਼ਕਤੀ ਪ੍ਰਾਪਤ ਕਰਕੇ ਕਸ਼ਟ ਸਾਧਨਾ ਰਾਹੀਂ ਇੱਕਠਾ ਕਰਦੇ ਹਨ। ਕਰੋਧ ਅਗਨੀ ਉਸ ਸ਼ਕਤੀ ਨੂੰ ਉਸੇ ਸਮੇਂ ਭਸਮ ਕਰ ਦਿੰਦੀ ਹੈ ਜਿਵੇਂ ਵਲਦੀ ਅੱਗ ਸੁਕੀਆਂ ਲਕੜਾਂ ਨੂੰ ਨਸ਼ਟ ਕਰ ਦਿੰਦੀ ਹੈ"। ॥12॥

"ਕਰੋਧ ਰਾਹੀਂ ਆਤਮਾ ਅਪਣੇ ਤੇ ਦੂਸਰੇ ਨੂੰ ਜਲਾਉਂਦਾ ਹੈ। ਅਰਥ ਧਰਮ ਅਤੇ ਕਰੋਧ ਨੂੰ ਵੀ ਜਲਾਉਂਦਾ ਹੈ, ਕਰੋਧ ਕਾਰਨ ਤੀਖਾ ਵੈਰ ਵੀ ਕਰਦਾ ਹੈ। ਕਰੋਧ ਆਤਮਾ ਦੇ ਪੱਤਨ ਦਾ ਕਾਰਣ ਵੀ ਬਣਦਾ ਹੈ"। ॥13॥

"ਕਰੋਧ ਕਾਰਣ ਪ੍ਰਾਣੀ ਮਾਤਾ, ਪਿਤਾ ਅਤੇ ਗੁਰੂ ਨੂੰ ਕੁੱਝ ਨਹੀਂ ਸਮਝਦਾ ਅਤੇ ਉਹ ਸਾਧੂ ਰਾਜਾ ਜਾਂ ਦੇਵਤੇ ਦਾ ਅਪਮਾਨ ਵੀ ਕਰ ਸਕਦਾ ਹੈ"। ॥14॥

"ਕਰੋਧ ਧੰਨ ਹਾਨੀ ਅਤੇ ਬੰਧਨ ਦਾ ਮੋਲ ਹੈ। ਪਿਆਰੀ ਵਸਤੂ ਦਾ ਵਿਛੋੜਾ ਅਤੇ ਅਨੇਕਾਂ ਜਨਮ ਮਰਨ ਦਾ ਮੂਲ ਵੀ ਇਹੋ ਹੈ"। ॥15॥

"ਜਿਸ ਨੇ ਕਰੋਧ ਵਸ਼ ਆਤਮ ਧਰਮ ਨੂੰ ਛੱਡ ਦਿੱਤਾ ਹੈ ਅਤੇ ਜਿਸ ਦੇ ਰਾਹੀਂ ਕੀਤਾ ਪੁਨ ਨਸ਼ਟ ਹੁੰਦਾ ਹੈ। ਹੇ ਮਹਾਰਾਜ ਉਹ ਤੇਜ ਅੱਗ ਅਤੇ ਪਰਮ ਪ੍ਰਸ਼ਾਦ ਨੂੰ ਕਰੋਧ ਰੋਕਨਯੋਗ ਹੈ"। ॥16॥

"ਜੋ ਰੋਕੇ ਜਾਣ ਤੇ ਮਨੁੱਖ ਨੂੰ ਪ੍ਰਗਟ ਕਰਦਾ ਹੈ ਅਤੇ ਛੱਡੇ ਜਾਣ ਤੇ ਭੜਕਾਉਂਦਾ ਹੈ। ਗਿਆਨੀ ਆਤਮਾ ਦੋਨਾ ਪ੍ਰਕਾਰ ਦੇ ਕਰੋਧਾਂ ਨੂੰ ਰੋਕੇ"। ॥17॥

## ਸੈਂਤੀਵਾ ਅਧਿਐਨ (ਸ਼੍ਰੀਗਿਰੀ ਅਰਹਤ ਰਿਸ਼ਿ ਭਾਸ਼ਿਤ)

"ਕੁੱਝ ਦਾਰਸ਼ਨਿਕ ਅਜਿਹਾ ਮੰਨਦੇ ਹਨ ਕੀ ਪਹਿਲਾਂ ਇੱਥੇ ਪਾਣੀ ਸੀ" ਇਸ ਪ੍ਰਕਾਰ ਬ੍ਰਾਹਮਣ ਪਰਿਵਰਾਜਕ ਸ਼੍ਰੀਗਿਰੀ ਅਰਹਤ ਰਿਸ਼ਿ ਨੇ ਆਖਿਆ।

"ਉਹ ਅੰਡਾ ਆਇਆ ਅਤੇ ਫੁੱਟੀਆਂ ਸਾਰੀ ਸ੍ਰਿਸ਼ਟੀ ਤੇ ਲੋਕ ਦੀ ਰਚਨਾ ਉਸ ਤੋਂ ਹੋਈ। ਪਰ ਕਈ ਇਹ ਆਖਦੇ ਹਨ, ਕੀ ਸਾਨੂੰ ਵਰੂਨ ਵਿਧਾਨ (ਪਾਣੀ ਦਾ ਸਿਧਾਂਤ) ਕਬੂਲ ਨਹੀਂ ਉਹ ਸਵੇਰੇ ਅਤੇ ਸ਼ਾਮ ਨੂੰ ਦੁੱਧ, ਮੱਖਨ, ਸ਼ਹਿਦ ਅਤੇ ਲੱਕੜੀਆਂ ਇੱਕਠੀਆਂ ਕਰਕੇ ਖਾਰ ਅਤੇ ਸ਼ੰਖ ਨੂੰ ਮਿਲਾ ਕੇ ਅਗਨੀ ਹੋਤਰ ਕੁੰਡ ਨੂੰ ਜਾਗਰਤ ਕਰਦਾ ਰਹਾਂਗਾ। ਇਸ ਲਈ ਮੈਂ ਇਹ ਸਭ ਬੋਲਦਾ ਹਾਂ"।

"ਇਹ ਲੋਕ ਮਾਇਆ ਨਹੀਂ ਹੈ, ਕਦੇ ਨਹੀਂ ਸੀ। ਅਜਿਹਾ ਵੀ ਨਹੀਂ ਹੈ, ਕਦੇ ਨਹੀਂ ਹੈ, ਅਜਿਹਾ ਵੀ ਨਹੀਂ ਹੈ। ਕਦੇ ਨਹੀਂ ਰਹੇਗੀ, ਅਜਿਹਾ ਵੀ ਨਹੀਂ ਹੈ"।

"ਵਰਤਮਾਨ ਇਸ ਤੱਥ ਨੂੰ ਸੁਣ ਕੇ ਸਾਧਕ ਸੂਰਜ ਦੇ ਨਾਲ ਜਾਵੇ, ਜਿੱਥੇ ਸੂਰਜ ਹੋਵੇ ਉੱਥੇ ਰੁੱਕ ਜਾਵੇ, ਫਿਰ ਜਿੱਥੇ ਖੇਤ ਹੋਵੇ ਜਾਂ ਉੱਚੀ ਨੀਵੀਂ ਭੂਮੀ ਹੋਵੇ ਉੱਥੇ ਰੁਕੇ। ਰਾਤ ਬਤੀਤ ਹੋਣ ਤੇ ਸੂਰਜ ਦੇ ਉਗਨ ਤੇ ਪੂਰਵ, ਪੱਛਮ, ਉੱਤਰ ਜਾਂ ਦੱਖਣ ਇਸ ਪ੍ਰਕਾਰ ਕਿਸੇ ਇਕ ਦਿਸ਼ਾ ਨੂੰ ਧਾਰਨ ਕਰਕੇ ਚੱਲੇ। ਇਸ ਪ੍ਰਕਾਰ ਚੱਲਣ ਵਾਲਾ ਕਰਮਾ ਦਾ ਖਾਤਮਾ ਕਰਦਾ ਹੈ"।

ਇਸ ਪ੍ਰਕਾਰ ਸ਼੍ਰੀਗਿਰੀ ਅਰਹਤ ਰਿਸ਼ਿ ਨੇ ਆਖਿਆ।

ਟਿਪਨੀ: ਵੈਦਿਕ ਪ੍ਰੰਪਰਾ ਵਿੱਚ ਸ਼੍ਰਿਸ਼ਟੀ ਦੀ ਉਤਪਤੀ ਦੇ ਕਈ ਸਿਧਾਂਤ ਪਰਚਲਤ ਹਨ। ਕੋਈ ਆਖਦਾ ਹੈ ਕਿ ਸ਼੍ਰਿਸ਼ਟੀ ਦੀ ਰਚਨਾ ਇਕ ਵਿਸ਼ਾਲ ਅੰਡੇ ਤੋਂ ਹੋਈ ਹੈ। ਕੋਈ ਪਾਣੀ ਤੋਂ ਉਤਪਤੀ ਮੰਨਦਾ ਹੈ। ਕੋਈ ਬ੍ਰਹਮਾਂ ਨੂੰ ਸ਼੍ਰਿਸ਼ਟੀ ਦਾ ਪੈਦਾ ਕਰਨ ਵਾਲਾ ਮੰਨਦਾ ਹੈ। ਕਈ ਲੋਕ ਯਗ ਤੋਂ ਸ਼੍ਰਿਸ਼ਟੀ ਦੀ ਰਚਨਾ ਮੰਨਦੇ ਹਨ। ਕੁੱਝ ਲੋਕ ਈਸ਼ਵਰ

ਨੂੰ ਸ਼੍ਰਿਸ਼ਟੀ ਦਾ ਰਚਨ ਵਾਲਾ ਮੰਨਦੇ ਹਨ। ਇਸ ਅਧਿਐਨ ਵਿੱਚ ਬ੍ਰਾਹਮਣ ਰਿਸ਼ਿ ਨੇ ਇਹਨਾਂ ਸਿਧਾਂਤਾਂ ਦੀ ਚਰਚਾ ਕੀਤੀ ਹੈ।

## ਅੱਠਤੀਵਾਂ ਅਧਿਐਨ (ਬੁੱਧ ਅਰਹਤ ਰਿਸ਼ਿ ਸਾਤੀ ਪੁੱਤਰ ਭਾਸ਼ਿਤ)

"ਜਿਸ ਸੁੱਖ ਤੋਂ ਸੁੱਖ ਪ੍ਰਾਪਤ ਹੁੰਦਾ ਹੈ, ਉਹ ਹੀ ਜਿਆਦਾ ਸੁੱਖ ਹੈ। ਪਰ ਜਿਸ ਸੁੱਖ ਤੋਂ ਦੁੱਖ ਦੀ ਪ੍ਰਾਪਤੀ ਹੋਵੇ ਉਸ ਨਾਲ ਮੇਰਾ ਸਮਾਗਮ ਨਾ ਹੋਵੇ" ਸਾਤੀ ਪੁੱਤਰ ਅਰਹਤ ਰਿਸ਼ਿ ਇਸ ਪ੍ਰਕਾਰ ਆਖਨ ਲੱਗੇ। ॥1॥

"ਮਨ ਨੂੰ ਚੰਗੇ ਲੱਗਣ ਵਾਲੇ ਭੋਜਨ ਅਤੇ ਮਨ ਨੂੰ ਚੰਗਾ ਲੱਗਣ ਵਾਲਾ, ਸੋਣ ਵਾਲਾ ਆਸਨ ਪਾ ਕੇ, ਸੁੰਦਰ ਭਵਨਾ ਵਿੱਚ ਵੀ ਭਿਖਸੂ ਸਮਾਧੀ ਪੂਰਵਕ ਧਿਆਨ ਕਰਦਾ ਹੈ"। ॥2॥

"ਮਨ ਨੂੰ ਚੰਗੇ ਨਾ ਲੱਗਣ ਵਾਲੇ ਭੋਜਨ ਕਰਕੇ ਅਤੇ ਨਾ ਚੰਗਾ ਲੱਗਣ ਵਾਲਾ ਆਸਨ ਪਾ ਕੇ, ਨਾ ਚੰਗੇ ਘਰਾਂ ਵਿੱਚ ਭਿਖਸੂ ਦੁੱਖ ਦਾ ਧਿਆਨ ਕਰਦਾ ਹੈ। ਇਸ ਪ੍ਰਕਾਰ ਅਨੇਕਾਂ ਵਰਨ (ਰੰਗ) ਵਾਲੀਆਂ ਦਾ ਵਿਚਾਰ ਹੈ[1]। ਪਰ ਇਸ ਨੂੰ ਛੱਡਕੇ ਗਿਆਨੀ ਕਿਤੇ ਵੀ ਨਹੀਂ ਹੁੰਦਾ ਹੈ। ਇਹੋ ਬੁੱਧ ਦੀ ਸਿੱਖਿਆ ਹੈ"। ॥3-4॥

"ਸੁਣਨ ਦੀ ਸ਼ਕਤੀ ਪ੍ਰਾਪਤ ਕਰਕੇ ਭਿੰਨ ਭਿੰਨ ਸ਼ਬਦਾਂ ਪ੍ਰਤੀ ਲਗਾਉ ਰੱਖਣ ਵਾਲਾ ਅਤੇ ਵਾਕਪ੍ਰਦੋਸ਼ (ਬਾਣੀ ਦੇ ਦੋਸ਼ਾਂ) ਨੂੰ ਬੁੱਧੀਮਾਨ ਗਿਆਨੀ ਹਮੇਸ਼ਾ ਛੱਡ ਦੇਵੇ। ਰੂਪ, ਗੰਧ, ਰੱਸ ਅਤੇ ਸ਼ਪਰਸ ਆਦਿ ਦੇ ਵਿਸ਼ੇਆਂ ਪ੍ਰਤੀ ਲਗਾਵ ਦੀ ਭਾਵਨਾ ਨਾ ਰੱਖੇ"। ॥5॥

"ਜਾਗਰਤ ਮੁਨੀ ਦੀਆਂ ਪੰਜੇ ਇੰਦਰੀਆਂ ਘੱਟ ਦੁੱਖ ਦਾ ਕਾਰਨ ਬਣਦੀਆਂ ਹਨ। ਪ੍ਰੰਤੂ ਗਿਆਨੀ ਸਾਧੂ ਇੰਦਰੀਆਂ ਦੇ ਵਿਕਾਰਾਂ ਦਾ ਵਿਨਾਸ਼ ਕਰਨ ਦੀ ਕੋਸ਼ਿਸ਼ ਕਰੇ"। ॥6॥

"ਬਿਮਾਰੀ ਦੇ ਖਤਮ ਹੋਣ ਦੇ ਲਈ ਦੁੱਖ ਰੂਪ ਜਾਂ ਸੁੱਖ ਰੂਪ ਜੋ ਵੀ ਦਵਾਈਆਂ ਹਨ। ਵੈਦ ਦੇ ਗਿਆਨ ਰਾਹੀਂ ਉਹ ਦੱਸੀਆਂ ਜਾਂਦੀਆਂ ਹਨ। ਇਸੇ

ਪ੍ਰਕਾਰ ਮੋਹ ਦੇ ਖਾਤਮੇ ਦੇ ਲਈ ਜੋ ਵੀ ਸੁੱਖ ਰੂਪ ਸਾਧਨਾ ਹੈ ਉਹ ਗੁਰੂ ਰਾਹੀਂ ਦੱਸੀ ਜਾਂਦੀ ਹੈ"। ॥7॥

"ਜਿਸ ਕਾਰਨ ਇਲਾਜ ਕਰਵਾਇਆ ਜਾਂਦਾ ਹੈ। ਉੱਥੇ ਵੀ ਸੁੱਖ ਨਹੀਂ ਹੈ ਅਤੇ ਨਾ ਦੁੱਖ ਹੈ। ਇਲਾਜ ਵਾਲੇ ਰੋਗੀ ਨੂੰ ਹੀ ਦੁੱਖ ਸੁੱਖ ਹੋ ਸਕਦਾ ਹੈ। ਇਸੇ ਪ੍ਰਕਾਰ ਮੋਹ ਵਿੱਚ ਲੱਗੇ ਵਿਅਕਤੀ ਨੂੰ ਸੁੱਖ ਦੁੱਖ ਆ ਸਕਦੇ ਹਨ। ਮੋਹ ਦੇ ਖਾਤਮੇ ਦਾ ਕਾਰਨ ਸੁੱਖ ਅਤੇ ਦੁੱਖ ਨਹੀਂ ਹਨ"। ॥8-9॥

"ਤੁੱਛ ਮਨੁੱਖ ਵਿੱਚ ਸੰਵੇਗ (ਮੋਕਸ਼ ਦੀ ਭਾਵਨਾ) ਬਣੀ ਰਹਿੰਦੀ ਹੈ ਅਤੇ ਉੱਤਮ ਮਨੁੱਖ ਵਿੱਚ ਵੀ ਵਿਸ਼ੇਆਂ ਪ੍ਰਤੀ ਖਿੱਚ ਬਣੀ ਰਹਿੰਦੀ ਹੈ। ਦੀਨ ਭਾਵਾਂ ਦੀ ਹੋਂਦ ਵਿੱਚ, ਵਿਸ਼ੇਸ਼ ਰੂਪ ਕੀਤਾ ਜਾਂਦਾ ਹੈ"। ॥10॥

"ਸਰਵਗ ਰਾਹੀਂ ਭਿੰਨ ਭਿੰਨ ਅਵਸਥਾ ਅਤੇ ਕਰਮ ਉੱਦੈ ਦੇ ਭੇਦ ਆਮ ਮਨੁੱਖਾਂ ਵਿੱਚ ਗੀਤ ਰੂਪ ਬਣਕੇ ਰਹਿ ਜਾਂਦੇ ਹਨ। ਜਦ ਕਿ ਵਿਸ਼ੇਸ਼ ਪੁਰਸ਼ਾਂ ਦੇ ਵਚਨ ਹਿਰਦੇ ਨੂੰ ਛੂਹ ਜਾਂਦੇ ਹਨ। ਭਾਵ ਉਹਨਾਂ ਦੇ ਹਿਰਦੇ ਨੂੰ ਸਪਰਸ਼ ਕਰ ਜਾਂਦੇ ਹਨ। ਭਿੰਨ ਭਿੰਨ ਅਵਸਥਾਵਾਂ ਅਤੇ ਦੇ ਉਦੈ ਦੇ ਅੰਤਰ ਤੋਂ ਵੀਤਰਾਗ ਦੀ ਬਾਣੀ ਆਮ ਹੁੰਦੀ ਹੈ ਅਤੇ ਵਿਸ਼ੇਸਤ ਸਮੇਂ ਵਿੱਚ ਦਿਲ ਨੂੰ ਛੋਹਨ ਵਾਲੀ ਹੁੰਦੀ ਹੈ"। ॥11॥

"ਜਿਨੇਸ਼ਰ ਦੇਵ ਸਾਰੇ ਪ੍ਰਾਣੀਆਂ ਪ੍ਰਤੀ ਦਿਆ, ਮੁਨੀ ਦਾ ਰੂਪ ਅਤੇ ਪਾਪ ਰਹਿਤ, ਅਪਰਿਗ੍ਰਹਿ ਸਦਭਾਵ, ਤੱਪ ਅਤੇ ਦਿਆ ਦਾ ਉਪਦੇਸ਼ ਕਰਦੇ ਹਨ"। ॥12॥

"ਇੰਦਰੀਆਂ ਦਾ ਜੇਤੂ ਦੇ ਲਈ ਜੰਗਲ ਅਤੇ ਆਸ਼ਰਮ ਦੀ ਕੀ ਲੋੜ ਹੈ? ਜਿੱਥੇ ਜਿੱਥੇ ਮੋਹ ਦਾ ਅੰਤ ਹੈ, ਉਹ ਹੀ ਜੰਗਲ ਹੈ ਅਤੇ ਉਹ ਹੀ ਆਸ਼ਰਮ ਹੈ"। ॥13॥

"ਇੰਦਰੀਆਂ ਜੇਤੂ ਲਈ ਜੰਗਲ ਤੇ ਆਸ਼ਰਮ ਵਿੱਚ ਕੀ ਫਰਕ ਹੈ? ਰੋਗ ਤੋਂ ਮੁਕਤ ਆਦਮੀ ਲਈ ਦਵਾ ਦੀ ਕੀ ਜ਼ਰੂਰਤ ਹੈ? ਸ਼ਸਤਰ ਸਭ ਨੂੰ ਛੇਦ ਸਕਦਾ ਹੈ, ਭਾਵ ਮਰਿਆਦਾਹੀਨ ਤੇ ਸਹਿਤਮੰਦ ਲਈ ਦਵਾ ਦੀ ਕੋਈ ਲੋੜ ਨਹੀਂ?" ॥14॥

"ਸੁਭਾਅ ਤੋਂ ਪਵਿੱਤਰ ਆਤਮਾ ਦੇ ਲਈ ਸੁੰਨਾ ਜੰਗਲ ਅਤੇ ਧੰਨ ਸਾਰੇ ਇੱਕ ਬਰਾਬਰ ਹਨ। ਉਹ ਸਾਰੀਆਂ ਵਸਤੂਆਂ ਉਸ ਦੇ ਲਈ ਧਰਮ ਧਿਆਨ ਦਾ ਕਾਰਨ ਬਣਦੀਆਂ ਹਨ। ਜਿਵੇਂ ਕੰਡਿਆਂ ਨਾਲ ਭਰੇ ਚਿੱਤ ਲਈ ਆਰਤ ਧਿਆਨ ਹੁੰਦਾ ਹੈ"। ॥15॥

"ਜਿਵੇਂ ਕੰਡੇ ਚੁਭੇ ਵਿਅਕਤੀ ਦੇ ਲਈ ਕੰਡਾ ਦੁੱਖ (ਆਰਤ ਧਿਆਨ) ਦਾ ਕਾਰਨ ਬਣਦਾ ਹੈ। ਭਿੰਨ ਭਿੰਨ ਰੂਪ ਵਿੱਚ ਸਥਿਤ ਧਰਤੀ ਬੁਰੇ ਆਦਮੀ ਲਈ ਦੁੱਖ ਰੂਪ ਅਤੇ ਕਰਮਾਂ ਦਾ ਫਲ ਦੇਣ ਵਾਲੀ ਹੈ। ਜਿਵੇਂ ਕਾਮੀ ਵਿਅਕਤੀ ਲਈ ਸਾਰੀ ਸ੍ਰਿਸ਼ਟੀ ਹੀ ਕਾਮ ਉਤਪਾਦਨ ਦਾ ਕਾਰਨ ਹੁੰਦੀ ਹੈ"। ॥16॥

"ਸਮਿਅੱਕਤਵ, ਦਿਆ, ਨਿਦਾਨ (ਧਰਮ ਦੇ ਫਲ ਦੀ ਇੱਛਾ ਤੋਂ) ਰਹਿਤ ਸੰਜਮ ਅਤੇ ਉਸ ਤੋਂ ਹੋਣ ਵਾਲੇ ਸਾਰੇ ਸ਼ੁੱਭ ਯੋਗ ਸਾਰੇ ਕਰਮਾਂ ਨੂੰ ਖਤਮ ਕਰਨ ਵਾਲੇ ਹਨ"। ॥17॥

"ਪਾਪ ਸਾਰਥਕ ਵੀ ਹੁੰਦਾ ਹੈ ਬੇ ਅਰਥ ਵੀ। ਜਿਵੇਂ ਗੁੱਸੇ ਵਿੱਚ ਆਇਆ ਹਾਥੀ ਦੂਸਰੇ ਹਾਥੀ ਲਈ ਕਿਨਾਰਾ ਤੋੜ ਦਿੰਦਾ ਹੈ"। ॥18॥

"ਜੋ ਜਿਸ ਕੰਮ ਦੇ ਯੋਗ ਹੈ, ਉਹ ਉਸੇ ਕੰਮ ਨੂੰ ਕਰੇ। ਜਿਸ ਕੰਮ ਨੂੰ ਕਰਨ ਵਿੱਚ ਜਿਸ ਦਾ ਵਿਸ਼ਵਾਸ ਨਹੀਂ ਹੈ, ਉਹ ਉਸ ਕੰਮ ਨੂੰ ਛੱਡ ਦਿੰਦਾ ਹੈ। ਜਿਵੇਂ ਕਾਮੀ ਪੁਰਸ਼ ਨਗਨ ਭਾਵ ਅਤੇ ਮੁੰਡਨ ਭਾਵ (ਸਾਧੂ ਜੀਵਨ) ਨੂੰ ਛੱਡ ਦਿੰਦਾ ਹੈ"। ॥19॥

"ਧੀਰਜਵਾਨ ਪੁਰਸ਼ ਨੂੰ ਜੋ ਸਹਾਰਾ ਦੇ ਸਕਦਾ ਹੈ, ਅਜਿਹਾ ਸਹਾਰਾ ਪਰਬਤ ਤੋਂ ਉੱਚਾ ਕਿਲਾ ਵੀ ਨਹੀਂ ਦੇ ਸਕਦਾ। ਪਾਗਲ ਸ਼ੇਰ ਚਾਲਾਕ ਹਾਥੀ ਨੂੰ ਮਾਰ ਨਹੀਂ ਸਕਦਾ ਅਤੇ ਜੰਬੁਕ ਗਿਦੜ ਉਸ ਨੂੰ ਨਹੀਂ ਖਾ ਸਕਦਾ ਹੈ"। ॥20॥

"ਵਸਤਰ ਆਦਿ ਨਾਲ ਸੰਬਧ ਵਾਲਾ ਮੁਨੀ, ਮੁਨੀਭਾਵ ਤੋਂ ਉਲਟ ਇਰਿਆਵਾਂ ਨੂੰ ਰੋਕਦਾ ਹੋਇਆ ਮਿਥੀਆਤੱਵ ਆਦਿ ਇਰਿਆ ਤੋਂ ਅਪਣੇ ਆਪ ਨੂੰ ਦੂਰ ਰੱਖੇ। ਬੁੱਧੀਮਾਨ ਸਾਧੂ ਲਈ ਵਸਤੂ ਧਾਰਨ ਕਰਨਾ ਹੀ ਕਾਫੀ ਨਹੀਂ, ਬਲਕਿ ਉਸ ਵਸਤੂ ਦੇ ਦੋਸ਼ਾਂ ਤੋਂ ਬਚਨਾ ਜ਼ਰੂਰੀ ਹੈ"। ॥21॥

"ਬ੍ਰਹਮਚਾਰੀ ਯਤੀ ਗੁੱਸੇ ਹੋ ਕੇ ਵੀ ਮੋਹ ਜਾਗਰਤ ਕਰਨ ਵਾਲੀਆਂ ਵਸਤੂਆਂ ਦਾ ਤਿਆਗ ਕਰੇ ਕਿਉਂਕਿ ਮੂਰਖ ਸ਼ਿਕਾਰੀ ਦੇ ਬਾਣ ਮਿਰਗ ਨੂੰ ਨਹੀਂ ਮਾਰ ਸਕਦੇ"। ॥22॥

"ਮੁਨੀ ਦੇਸ਼ ਅਤੇ ਰੂਪ ਦਾ ਨਿਸ਼ਚਯ ਨਾਲ ਵਿਚਾਰ ਕਰੇ। ਵਿਆਦ ਕਿਸ ਲਈ ਗਾਉਂਦਾ ਹੈ ਅਤੇ ਪੰਛੀ ਚੁੱਪ ਕਿਉਂ ਹੈ"? ॥23॥

"ਕਿਸੇ ਕੰਮ ਦੀ ਰਚਨਾ ਦੇ ਲਈ ਉਚਿਤ ਕਾਰਨ ਜ਼ਰੂਰੀ ਹੈ। ਪਰ ਮੋਕਸ਼ ਦੀ ਨਿਵਰਤੀ ਦੀ ਰਚਨਾ ਦੇ ਲਈ ਖਾਸ ਕਾਰਜ ਜ਼ਰੂਰੀ ਹੈ"। ॥24॥

"ਪਰਿਵਾਰ ਵਿੱਚ ਹੋਵੇ ਜਾਂ ਮੁਨੀ ਭੇਸ਼ ਵਿੱਚ ਆਤਮਾ ਵਿਸ਼ੇਸ਼ ਭਾਵ ਦਸ਼ਾ ਪਾ ਸਕਦੀ ਹੈ। ਵਿਸ਼ਾਲ ਪਰਿਵਾਰ ਦੇ ਹੋਣ ਤੇ ਵੀ, ਨੀਲ ਜੰਬੂ (ਨੀਲ ਵਿੱਚ ਡੁਬੀਆ ਗਿਦੜ) ਰਾਜਾ ਨਹੀਂ ਹੋ ਸਕਦਾ"। ॥25॥

"ਧੰਨ ਦੇ ਲੋਭੀ ਮਨੁੱਖ ਲਈ ਭਿੰਨ ਭਿੰਨ ਰੂਪ ਵਿੱਚ ਮਨ ਮੋਹਕ ਭਾਸ਼ਾ ਵਾਲਾ ਸਮਝਣਾ ਚਾਹਿਦਾ ਹੈ। ਉਸ ਦੀ ਅਰਥ ਪ੍ਰੰਪਰਾ ਨੂੰ ਵੇਖ ਕੇ ਲੋਭੀ ਵਿਅਕਤੀ ਤੋਂ ਦੂਰ ਰਹਿਣਾ ਹੀ ਚੰਗਾ ਹੈ"। ॥26॥

"ਧੋਖੇ ਪੂਰਨ ਆਚਰਨ ਨਿਸ਼ਚੈ ਹੀ ਸ਼ੇਰ ਦੇ ਚਮੜੇ ਵਿੱਚ ਲਿਪਟੇ ਗਿਦੜ ਦੀ ਤਰ੍ਹਾਂ ਸਮਝਣਾ ਚਾਹਿਦਾ ਹੈ। ਸਮੁੱਚੇ ਰੂਪ ਵਿੱਚ ਝੁੱਠਾ ਵਿਅਕਤੀ ਉਸ ਦੇ ਵਿਵਹਾਰ ਤੋਂ ਪਰਖਿਆ ਜਾਂਦਾ ਹੈ"। ॥27॥

"ਮਨੁੱਖ ਦਾ ਸੁਭਾਵ ਬਹੁਤ ਕਮਜੋਰ ਹੁੰਦਾ ਹੈ। ਉਹ ਅਨੇਕਾਂ ਰੂਪ ਪ੍ਰਗਟ ਕਰਦਾ ਹੈ। ਫੁੱਲ ਨੂੰ ਲੈਣ ਲਈ ਸੁੰਨਦਾ ਨਾਂ ਦੀ ਔਰਤ ਕਿਸ਼ਤੀ ਬਣਾਉਨ ਵਾਲੇ ਦੇ ਘਰ ਗਈ"। ॥28॥

"ਦ੍ਰਵ, ਖੇਤਰ ਅਤੇ ਕਾਲ ਸਾਰੇ ਭਾਵਾਂ ਅਤੇ ਸਾਰੇ ਲਿੰਗਾਂ ਦੇ ਦੁਆਰਾ ਰਹੇ ਹੋਏ ਜੀਵਾਂ ਦੀ ਭਾਵਨਾ ਨੂੰ ਸਮਝਨਾ ਚਾਹਿਦਾ ਹੈ"। ॥29॥

ਇਸ ਪ੍ਰਕਾਰ ਸਾਤੀ ਪੁਤਰ ਅਰਹਤ ਰਿਸ਼ਿ ਨੇ ਆਖਿਆ।

ਟਿਪਨੀ: ਇਹ ਗਾਥਾ 23ਵੇਂ ਤੀਰਥੰਕਰ ਭਗਵਾਨ ਪਾਰਸ਼ਨਾਥ ਦੇ ਚੈਲਿਆਂ ਨਾਲ ਸੰਬਧਤ ਲੱਗਦੀ ਹੈ ਕਿਉਂਕਿ ਉਤਰਾ ਅਧਿਐਨ ਸੂਤਰ ਦੇ ਕੇਸ਼ੀ ਗੋਤਮ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਭਗਵਾਨ ਪਾਰਸ਼ਨਾਥ ਦੀ ਪ੍ਰੰਪਰਾ ਦੇ ਸਾਧੂ ਰੰਗ ਬਿਰੰਗ ਦੇ ਕੱਪੜੇ ਪਹਿਨਦੇ ਸਨ। ਭਗਵਾਨ ਮਹਾਂਵੀਰ ਦੇ ਸਾਧੂ ਸਫੈਦ ਰੰਗ ਦੇ ਕਪੜੇ ਪਹਿਨਦੇ ਸਨ। ਮਹਾਂਤਮਾ ਬੁੱਧ ਦੇ ਸਾਧੂ ਕਥਈ ਰੰਗ ਦੇ ਕੱਪੜੇ ਪਹਿਨਦੇ ਸਨ।

# ਉਨਤਾਲੀਵਾਂ ਅਧਿਐਨ (ਸੰਜੇ ਅਰਹਤ ਰਿਸ਼ਿ ਭਾਸ਼ਿਤ)

"ਜੋ ਮਨੁੱਖ ਪਾਪ ਕਰਮ ਨਹੀਂ ਕਰਦਾ ਦੂਸਰੇ ਤੋਂ ਨਹੀਂ ਕਰਵਾਉਂਦਾ ਉਸ ਗਿਆਨੀ ਤੇਜਸਵੀ ਨੂੰ ਦੇਵਤਾ ਵੀ ਨਮਸਕਾਰ ਕਰਦੇ ਹਨ"। ॥1॥

"ਜੋ ਮਨੁੱਖ ਪਾਪ ਕਰਮ ਕਰਦਾ ਹੈ, ਜਾਂ ਕਰਵਾਉਂਦਾ ਹੈ। ਜਦ ਕਿ ਗਿਆਨੀ ਪੁਰਸ਼ ਪਾਪ ਰਹਿਤ ਕਰਮ ਕਰਦੇ ਹੋਏ ਸੂਰਜ ਦੀ ਤਰ੍ਹਾਂ ਪ੍ਰਕਾਸ਼ ਮਾਨ ਹੁੰਦੇ ਹਨ"।॥2॥

"ਪਾਪ ਦਾ ਮੌਕਾ ਹੋਵੇ ਅਤੇ ਇੱਕ ਵਾਰ ਪਾਪ ਹੋ ਜਾਵੇ ਤਾਂ ਸਾਧੂ ਉਸ ਪਾਪ ਨੂੰ ਵਾਰ ਵਾਰ ਨਾ ਕਰੇ। ਪਰ ਗਿਆਨੀ ਚੰਗੇ ਕਰਮਾਂ ਨੂੰ ਪਹਿਚਾਨ ਕੇ ਉਹਨਾਂ ਵਿੱਚ ਲੱਗਾ ਰਹੇ"। ॥3॥

"ਜੇ ਪਾਪ ਕਰਮ ਹੋ ਵੀ ਜਾਵੇ, ਵਾਰ ਵਾਰ ਉਸ ਦਾ ਆਚਰਨ ਕਰਕੇ ਉਸ ਦਾ ਸਮੂਹ ਨਾ ਬਣਾਵੇ। ਜਿਸ ਕਾਰਨ ਸਾਧਕ ਨੂੰ ਵਾਰ ਵਾਰ ਜਨਮ ਲੈਣਾ ਪਵੇ। ਗੁਪਤ ਰੂਪ ਵਿਚ ਜੇ ਪਾਪ ਹੋ ਜਾਵੇ ਤਾਂ ਉਸ ਦੀ ਦ੍ਰਵ, ਕਾਲ ਖੇਤਰ ਭਾਵ ਅਤੇ ਮਨ ਦੇ ਅੰਦਰੂਨੀ ਭਾਵ ਨਾਲ ਕਪਟ ਰਹਿਤ ਆਲੋਚਨਾ ਕਰੇ"।

"ਸੰਜੇ ਅਰਹਤ ਰਿਸ਼ਿ ਇਸ ਪ੍ਰਕਾਰ ਆਖਣ ਲੱਗੇ ਮੈਨੂੰ ਸੁੰਦਰ ਰਸਾਂ ਅਤੇ ਸੁੰਦਰ ਨਿਵਾਸਾਂ ਦਾ ਕੋਈ ਮਤਲਬ ਨਹੀਂ। ਜਿੱਥੇ ਕੀ ਸੰਜੇ ਵਨ ਵਿੱਚ ਮਿਰਗਾਂ ਨੂੰ ਮਾਰਦਾ ਹੈ"। ॥5॥

ਇਸ ਪ੍ਰਕਾਰ ਸੰਜੇ ਅਰਹਤ ਰਿਸ਼ਿ ਨੇ ਆਖਿਆ।

## ਚਾਲੀਵਾਂ ਅਧਿਐਨ (ਦੀਪਾਇਨ ਅਰਹਤ ਰਿਸ਼ਿ ਭਾਸ਼ਿਤ)

ਦੀਪਾਇਨ ਅਰਹਤ ਰਿਸ਼ਿ ਆਖਣ ਲੱਗੇ, "ਸਾਧੂ ਪਹਿਲਾਂ ਇੱਛਾ ਨੂੰ ਅਨਿਛਾ ਦੇ ਰੂਪ ਵਿੱਚ ਬਦਲੇ। ਸੰਸਾਰ ਵਿੱਚ ਅਨੇਕਾਂ ਪ੍ਰਕਾਰ ਦੀਆਂ ਇੱਛਾਵਾਂ ਹਨ ਜਿਹਨਾਂ ਵਿੱਚ ਫਸ ਕੇ ਆਤਮਾ ਕਲੈਸ਼ ਪਾਉਂਦਾ ਹੈ। ਸਾਧੂ ਇੱਛਾ ਨੂੰ ਅਨਿਛਾਂ ਨਾਲ ਜਿੱਤ ਕੇ ਸੁੱਖ ਪਾਉਂਦਾ ਹੈ"। ॥1॥

"ਇੱਛਾ ਵਸ ਮਨੁੱਖ ਨਾ ਮਾਂ ਨੂੰ ਜਾਣਦਾ ਹੈ, ਨਾ ਪਿਤਾ ਨੂੰ ਜਾਣਦਾ ਹੈ ਅਤੇ ਨਾ ਗੁਰੂ ਨੂੰ। ਉਹ ਸਾਧੂ ਰਾਜਾ ਅਤੇ ਦੇਵਤਾ ਤੱਕ ਦਾ ਤਿਰਸਕਾਰ ਕਰ ਸਕਦਾ ਹੈ"। ॥2॥

"ਇੱਛਾ ਦੇ ਮੂਲ ਵਿੱਚ ਧੰਨ ਹਾਨੀ ਅਤੇ ਬੰਧਨ ਹਨ ਨਾਲ ਹੀ ਚੰਗੇ ਦਾ ਵਿਛੋੜਾ ਜਨਮ ਅਤੇ ਮਰਨ ਵੀ ਹਨ"। ॥3॥

"ਇੱਛਾ ਅਪਣੇ ਚਾਹੁਣ ਵਾਲੇ ਨੂੰ ਵੀ ਨਹੀਂ ਚਾਹੁੰਦੀ ਪਰ ਇੱਛਾ ਰਹਿਤ ਨੂੰ ਚਾਹੁੰਦੀ ਹੈ। ਇਸ ਲਈ ਇੱਛਾ ਨੂੰ ਅਨਿਛਾ ਨਾਲ ਜਿੱਤ ਕੇ ਸੁੱਖ ਪ੍ਰਾਪਤ ਹੁੰਦਾ ਹੈ"। ॥4॥

"ਸਾਧੂ ਦ੍ਰਵ ਖੇਤਰ ਕਾਲ ਭਾਵ ਅਤੇ ਅਪਣੇ ਧੀਰਜ ਸ਼ਕਤੀ ਨੂੰ ਨਾ ਛੁਪਾਉਂਦਾ ਹੋਇਆ ਅਪਣੇ ਕੀਤੇ ਪਾਪ ਕਰਮਾਂ ਦੀ ਆਲੋਚਨਾ ਕਰੇ"। ॥5॥

ਇਸ ਪ੍ਰਕਾਰ ਦੀਪਾਇਨ ਅਰਹਤ ਰਿਸ਼ਿ ਨੇ ਆਖਿਆ।

# ਇਕਤਾਲੀਵਾਂ ਅਧਿਐਨ (ਇੰਦਰਨਾਗ ਅਰਹਤ ਰਿਸ਼ਿ ਭਾਸ਼ਿਤ)

"ਜੋ ਆਤਮਾ ਅਪਣੇ ਕੰਮ ਧੰਦੇ ਲਈ ਵਿਖਾਵਾ ਕਰਦੀ ਹੈ, ਉਹ ਤਪਸਿੱਆ ਨੂੰ ਅਪਵਿੱਤਰ ਕਰਕੇ ਮਨੁੱਖਾਂ ਦਾ ਇੱਕਠ ਕਰਦੀ ਹੈ"। ॥1॥

"ਉਹਨਾਂ ਕਾਮਨਾ ਸਹਿਤ ਤੱਪ ਕਰਨਾ ਵਾਲੀਆਂ ਦਾ ਤੱਪ ਖਰਿਦੇ ਹੋਏ ਤੱਪ ਦੀ ਤਰ੍ਹਾਂ ਹੈ। ਉਹਨਾਂ ਦਾ ਜੀਵਨ ਵਿਕੀਆਂ ਹੋਇਆ ਹੈ। ਉਹਨਾਂ ਦੀਆਂ ਕ੍ਰਿਆਵਾਂ ਦੁਸ਼ਟਾਂ ਦੀ ਤਰ੍ਹਾਂ ਹਨ। ਉਹ ਮੋਹ ਮਮਤਾ ਵਿੱਚ ਫਸੇ ਠੱਗ ਹਨ"। ॥2॥

"ਉਜਾੜ ਵਿੱਚ ਜਾਂ ਗਲੇ ਦੇ ਛੇਦ ਹੋਣ ਤੇ ਮਗਰ ਮੱਛ ਕਸ਼ਟ ਨੂੰ ਪ੍ਰਾਪਤ ਕਰਦਾ ਹੈ ਇਸੇ ਪ੍ਰਕਾਰ ਭਵਿੱਖ ਨੂੰ ਨਾ ਵੇਖਣ ਵਾਲਾ ਮਾੜੀ ਬੁੱਧੀ ਕਾਰਨ ਦੁੱਖਾਂ ਦਾ ਅਨੁਭਵ ਕਰਦਾ ਹੈ"। ॥3॥

"ਜਿਵੇਂ ਮਗਰ ਮੱਛ ਪਾਣੀ ਤੋਂ ਰਹਿਤ ਸਮੁੰਦਰੀ ਤੱਟ ਦੀ ਘਾਹ ਵਿੱਚ ਫਸ ਜਾਂਦਾ ਹੈ। ਇਸੇ ਪ੍ਰਕਾਰ ਮੋਹ ਰੂਪੀ ਪਹਿਲਵਾਨ ਤੋਂ ਪ੍ਰੇਰਤ ਮਨੁੱਖ ਕੇਵਲ ਵਰਤਮਾਨ ਵਿੱਚ ਸੁੱਖ ਭਾਲਦਾ ਹੈ"। ॥4॥

"ਜਿਵੇਂ ਪਾਣੀ ਵਿੱਚ ਰਿਹਾ ਹਾਥੀ ਜਲਧਾਰਾ ਵਿੱਚ ਫਸ ਦੀਨ ਦੁਰਵਲ ਹੋ ਜਾਂਦਾ ਹੈ। ਉਸੇ ਪ੍ਰਕਾਰ ਭੋਜਨ ਨਾਲ ਹੀ ਸੰਬਧ ਰੱਖਣ ਵਾਲਾ ਮਨੁੱਖ ਚੰਗਾ ਮਾੜਾ ਨਾ ਪਛਾਨਦਾ ਹੋਇਆ ਅੱਖਾਂ ਬੰਦ ਕਰ ਲੈਂਦਾ ਹੈ"। ॥5॥

"ਘੀ ਦੇ ਘੜੇ ਵਿੱਚ ਪਈ ਮੱਖੀ ਬੇਵਸ਼ ਹੋ ਕੇ ਮੌਤ ਨੂੰ ਪ੍ਰਾਪਤ ਕਰਦੀ ਹੈ। ਇਸੇ ਪ੍ਰਕਾਰ ਸ਼ਹਿਦ ਦੇ ਲਈ ਦਰਖਤ ਦੇ ਮੂਹਰਲੇ ਟਾਹਨੀ ਤੇ ਹੱਥ ਪਾਉਂਣ ਵਾਲਾ ਪ੍ਰਾਣੀ ਸੋਚਦਾ ਹੈ ਕਿ ਮੈਂ ਸ਼ਹਿਦ ਪ੍ਰਾਪਤ ਕਰਾਂਗਾ ਪਰ ਇਹ ਨਹੀਂ ਸੋਚਦਾ ਕਿ ਮੈਂ ਗਿਰ ਜਾਵਾਂਗਾ"। ॥6॥

"ਮਾਸ ਦਾ ਇੱਛਕ ਮਗਰਮੱਛ ਅਪਣਾ ਭੋਜਨ ਖੋਜਦਾ ਹੈ। ਮਾਸ ਇੱਛੁਕ ਅਤੇ ਚਰਿਤਰ ਭਰਿਸ਼ਟ ਮਨੁੱਖ ਇਸੇ ਪ੍ਰਕਾਰ ਪ੍ਰਾਣੀਆਂ ਦੀ ਹਿੰਸਾ ਕਰਦਾ ਹੈ"। ॥7॥

"ਥੋੜੀ ਬੁੱਧੀ ਵਾਲਾ ਆਦਮੀ ਕੀਮਤੀ ਮਨੀ ਨੂੰ ਸਿਟ ਕੇ ਕੇਵਲ ਸੂਤ ਦੇ ਧਾਗੇ ਨਾਲ ਅਪਣਾ ਮਨ ਬਹਿਲਾਉਂਦਾ ਹੈ। ਉਸ ਪ੍ਰਕਾਰ ਅਗਿਆਨੀ ਆਤਮਾ ਸਰਵਗ ਦੇ ਧਰਮ ਨੂੰ ਛੱਡ ਕੇ ਮੋਹ ਵਿੱਚ ਫੰਸੇ ਮਨੁੱਖਾਂ ਨਾਲ ਹਿੰਸਾ ਕਰਦਾ ਹੈ"। ॥8॥

"ਸ਼ੁਣਨ ਨਾਲ ਹੀ ਜ਼ਹਿਰ ਦਾ ਆਭਾਸ ਹੋ ਜਾਂਦਾ ਹੈ। ਇਹ ਜਾਣ ਕੇ ਅਗਿਆਨੀ ਉੱਥੇ ਅਪਣੇ ਆਪ ਨੂੰ ਜੋੜਦਾ ਹੈ। ਥੋੜੀ ਉਮਰ ਲਈ ਤਪਸਿੱਆਂ ਨੂੰ ਛੱਡ ਕੇ ਅਨੇਕਾਂ ਪ੍ਰਕਾਰ ਦੇ ਕਰਮ ਕਰਦਾ ਹੈ"। ॥9॥

"ਤਪ ਦੇ ਆਸਰੇ ਜਿਉਣ ਵਾਲਾ ਤਪਸਵੀ ਜੀਵਨ ਜਿਉਂਦਾ ਹੈ। ਕੋਈ ਗਿਆਨ ਨਾਲ ਜਿਉਂਦਾ ਹੈ। ਕੁੱਝ ਚਰਨ, ਕਰਨ, ਰੂਪ, ਚਰਿਤਰ ਕ੍ਰਿਆ ਨਾਲ ਜੀਵਨ ਬਤੀਤ ਕਰਦੇ ਹਨ"। ॥10॥

"ਜਿਹਨਾਂ ਨੇ ਭੇਖ ਨੂੰ ਜੀਵਨ ਦਾ ਸਾਧਨ ਬਣਾਇਆ ਹੈ ਉਹ ਅਸ਼ੁਧ ਜੀਵਨ ਜਿਉਂਦੇ ਹਨ। ਵਿਦਿਆ ਅਤੇ ਮੰਤਰ ਦੇ ਉਪਦੇਸ਼ ਅਤੇ ਗਲਤ ਸਨੇਹੇ ਭੇਜਦੇ ਹਨ। ਅਜਿਹੇ ਵਿਅਕਤੀਆਂ ਲਈ ਤਪ ਦਾ ਉਪਦੇਸ਼ ਦੇਣਾ ਮੁਸ਼ਕਲ ਹੋ ਜਾਂਦਾ ਹੈ"। ॥11॥

"ਕੁੱਝ ਲੋਕ ਤੇਜੀ ਨਾਲ ਕੀਤੇ ਕਰਮਾਂ ਰਾਹੀਂ, ਮਿਠੀ ਭਾਸ਼ਾ, ਚਤੁਰਾਈ ਨਾਲ ਜਾਂ ਚੌਂਪੜ ਦਾ ਉਪਦੇਸ਼ ਦੇ ਕੇ ਅਸ਼ੁਧ ਜੀਵਨ ਬਤੀਤ ਕਰਦੇ ਹਨ"। ॥12-13॥

"ਇੰਦਰਨਾਗ ਰਿਸ਼ਿ ਇਸ ਪ੍ਰਾਕਰ ਆਖਣ ਲੱਗੇ ਜੋ ਉਹ ਗਿਆਨੀ ਆਤਮਾ ਮਹਿਨੇ ਮਹਿਨੇ ਵਿੱਚ ਤਪ ਕਰਦਾ ਹੋਇਆ, ਤਪ ਖੋਹਲਣ ਸਮੇਂ ਘਾਹ ਦੇ ਅੱਗੇ ਪਈ ਔਸ ਜਿੰਨ੍ਹਾ ਭੋਜਨ ਗ੍ਰਹਿਣ ਕਰਦਾ ਹੈ। ਪਰ ਸੱਚੇ ਧਰਮ ਦਾ ਉਪਦੇਸ਼ ਨਾ ਦੇਣ ਕਾਰਨ ਧਰਮ ਦੀ 100 ਵੀਂ ਕਲਾ ਨੂੰ ਵੀ ਪ੍ਰਾਪਤ ਨਹੀਂ ਹੁੰਦਾ"। ॥14॥

"ਕੋਈ ਮੈਨੂੰ ਨਾ ਜਾਣੇ ਕੋਈ ਮੈਨੂੰ ਜਾਣੇ ਅਤੇ ਮੈਂ ਕਿਸੇ ਨੂੰ ਨਾ ਜਾਣਾ ਸਾਧਕ ਅਗਿਆਤ ਦੇ ਨਾਲ ਅਗਿਆਤ ਹੋ ਕੇ ਸਮਾਜ ਵਿੱਚ ਭਿਖਸ਼ਾ ਲਈ ਘੁੰਮੇ"। ॥15॥

“ਜੋ ਸਾਧੂ ਪੰਜ ਬਨੀਪਕ ਤੋਂ ਸ਼ੁਧ ਭਿਖਸ਼ਾ ਏਸ਼ਨਾ ਵਿਧੀ ਨਾਲ ਗ੍ਰਹਿਣ ਕਰਦਾ ਹੈ ਕਰਮ ਖਾਤਮੇ ਦੇ ਲਈ ਭੋਜਨ ਕਰਨ ਵਾਲੇ ਅਥਵਾ ਜੀਵ ਰਹਿਤ ਭੋਜਨ ਕਰਨ ਵਾਲੇ ਦੇ ਲਈ ਲਾਭ ਹੁੰਦਾ ਹੈ”। ॥16॥

“ਜਿਵੇਂ ਜੰਗਲੀ ਕਬੂਤਰ ਅਤੇ ਗਾਵਾਂ ਸਵੇਰੇ ਭੋਜਨ ਲਈ ਜਾਂਦੀਆਂ ਹਨ। ਸਾਧੂ ਵੀ ਭੋਜਨ ਲਈ ਉਸ ਪ੍ਰਕਾਰ ਜਾਵੇ। ਨਾ ਜਿਆਦਾ ਬੋਲੇ ਇੱਛਤ ਭੋਜਨ ਨਾ ਪ੍ਰਾਪਤ ਹੋਣ ਤੇ ਮਨ ਨੂੰ ਕਸ਼ਟ ਨਾ ਦੇਵੇ”। ॥17॥

ਇਸ ਪ੍ਰਕਾਰ ਇੰਦਰਨਾਗ ਅਰਹਤ ਰਿਸ਼ਿ ਨੇ ਆਖਿਆ।

## ਬਯਾਲੀਵਾਂ ਅਧਿਐਨ (ਸੋਮ ਅਰਹਤ ਰਿਸ਼ਿ ਭਾਸ਼ਿਤ)

"ਸਾਧੂ ਵੱਡੇ, ਦਰਮਿਆਨੇ ਅਤੇ ਛੋਟੇ ਕਿਸੇ ਵੀ ਪਦਵੀ ਤੇ ਹੋਵੇ, ਉਹ ਥੋੜੇ ਤੋਂ ਬਹੁਤਾ ਚਾਹੁੰਣ ਦੀ ਇੱਛਾ ਨਾ ਕਰੇ। ਪਾਪ ਰਹਿਤ ਹੋ ਕੇ ਸਾਧੂ ਨੂੰ ਵਾਰ ਵਾਰ ਪਾਪ ਕਰਮ ਸੇਵਨ ਨਹੀਂ ਕਰਨਾ ਚਾਹਿਦਾ" ਸੋਮ ਅਰਹਤ ਰਿਸ਼ਿ ਨੇ ਇਸ ਪ੍ਰਕਾਰ ਆਖਿਆ।

## ਤਰਤਾਲੀਵਾਂ ਅਧਿਐਨ (ਯਮ ਅਰਹਤ ਰਿਸ਼ਿ ਭਾਸ਼ਿਤ)

"ਲਾਭ ਵਿੱਚ ਜੋ ਖੁਸ਼ ਨਹੀਂ ਹੈ ਅਤੇ ਨੁਕਸਾਨ ਵਿੱਚ ਨਾ ਖੁਸ਼ ਨਹੀਂ ਹੈ। ਉਹ ਮਨੁੱਖ ਮਨੁਖਾਂ ਵਿੱਚ ਸ਼੍ਰੇਸ਼ਠ ਹੈ ਜਿਵੇਂ ਕਿ ਦੇਵਤੇਆਂ ਵਿੱਚ ਦੇਵਿੰਦਰ" ਯਮ ਅਰਹਤ ਰਿਸ਼ਿ ਨੇ ਇਸ ਪ੍ਰਕਾਰ ਆਖਿਆ।

## ਚੁਤਾਲੀਵਾਂ ਅਧਿਐਨ (ਵਰੁਨ ਅਰਹਤ ਰਿਸ਼ਿ ਭਾਸ਼ਿਤ)

"ਰਾਗ ਅਤੇ ਦਵੇਸ ਦੀ ਪੀੜਾ ਤੋਂ ਜਿਸ ਦੀ ਆਤਮਾ ਪੀੜਤ ਨਹੀਂ ਹੁੰਦੀ ਉਹ ਸਹੀ ਫੈਸਲਾ ਕਰਦਾ ਹੈ" ਇਸ ਪ੍ਰਕਾਰ ਵਰੁਨ ਅਰਹਤ ਰਿਸ਼ਿ ਨੇ ਆਖਿਆ।

**********

ਟਿਪਨੀ: 42ਵਾਂ, 43ਵਾਂ ਅਤੇ 44ਵਾਂ ਅਧਿਐਨ ਦੀ ਕੇਵਲ ਇੱਕ ਇੱਕ ਹੀ ਗਾਥਾਂ ਪ੍ਰਾਪਤ ਹੁੰਦੀ ਹੈ। ਹੋ ਸਕਦਾ ਹੈ ਕਿ ਸਮੇਂ ਦੇ ਪ੍ਰਭਾਵ ਨਾਲ ਇਹਨਾਂ ਰਿਸ਼ਿਆਂ ਦੀ ਬਾਣੀ ਲੁਪਤ ਹੋ ਗਈ ਹੋਵੇ। ਅੱਜ ਇਹਨਾਂ ਦੇ ਨਾਂ ਹੀ ਰਹਿ ਗਏ ਹਨ। ਇਹਨਾਂ ਤਿੰਨਾ ਅਧਿਐਨਾ ਦੇ ਬਾਰੇ ਵਿਸਤਾਰ ਨਾਲ ਕੁੱਝ ਵੀ ਨਹੀਂ ਆਖਿਆ ਜਾ ਸਕਦਾ।

## ਪੈਤਾਲੀਵਾਂ ਅਧਿਐਨ (ਬੇਸ਼੍ਰਮਣ ਅਰਹਤ ਰਿਸ਼ਿ ਭਾਸ਼ਿਤ)

"ਇੱਥੇ ਮਨੁੱਖਾਂ ਦੀ ਉਮਰ ਘੱਟ ਹੈ ਅਤੇ ਨਰਕਾਂ ਵਿੱਚ ਬਹੁਤ ਲੰਬੀ ਉਮਰ ਹੁੰਦੀ ਹੈ। ਸਾਰੇ ਕਾਮ ਭੋਗ ਨਰਕ ਦੇ ਮੂਲ ਹਨ। ਫਿਰ ਕੋਣ ਬੁਧੀਮਾਨ ਪੁਰਸ਼ ਕਾਮ ਵਾਸਨਾ ਵਿੱਚ ਫਸੇਗਾ ਤੇ ਖੁਸ਼ੀ ਮਹਿਸ਼ੂਸ ਕਰੇਗਾ"। ॥1॥

"ਸਾਧਕ ਨਾ ਪਾਪ ਕਰੇ, ਨਾ ਜੀਵਾਂ ਦੀ ਹੱਤਿਆ ਕਰੇ, ਕਾਮ ਭੋਗਾਂ ਤੋਂ ਉੱਪਰ ਉੱਠ ਕੇ ਸਾਧੂ ਉੱਚ ਨੀਚ ਠਿਕਾਨੀਆਂ ਵਿੱਚ ਆਨੰਦ ਮਹਿਸੂਸ ਨਾ ਕਰੇ। ਸਗੋਂ ਹਵਾ ਦੀ ਤਰ੍ਹਾਂ ਇਸ ਜਾਲ ਨੂੰ ਪਾਰ ਕਰ ਲਵੇ"। ॥2॥

"ਬੇਸ਼੍ਰਮਣ ਅਰਹਤ ਰਿਸ਼ਿ ਆਖਣ ਲੱਗੇ! ਜੋ ਮਨੁੱਖ ਪਾਪ ਕਰਦਾ ਹੈ ਉਹ ਨਿਸ਼ਚੈ ਹੀ ਅਪਣੀ ਆਤਮਾ ਦਾ ਭਲਾ ਨਹੀਂ ਕਰਦਾ, ਕਿਉਂਕਿ ਅਪਣੇ ਰਾਹੀਂ ਕੀਤਾ ਪਾਪ ਕਰਮ ਆਤਮਾ ਨੂੰ ਖੁਦ ਭੋਗਨਾ ਪੈਂਦਾ ਹੈ"। ॥3॥

"ਅਗਲੀਆਂ ਸੱਤ ਗਾਥਾਵਾਂ ਪੰਦਰਵੇਂ ਅਧਿਐਨ ਦੇ 11 ਤੋਂ 17 ਗਾਥਾਂ ਦੇ ਵਿੱਚ ਵੀ ਆਉਂਦੀਆਂ ਹਨ ਸੋ ਉੱਥੋ ਇਸ ਦਾ ਅਰਥ ਜਾਣ ਲੈਣਾ ਚਾਹਿਦਾ ਹੈ"। ॥10॥

"ਜਿਸ ਨੂੰ ਹਿੰਸਕ ਛੱਡ ਦਿੰਦਾ ਹੈ, ਜਿਸ ਨੂੰ ਉਹ ਨਹੀਂ ਖਾਂਦਾ ਅਤੇ ਜਿਸ ਨੂੰ ਸੱਪ ਵੀ ਪਕੜਦਾ ਨਹੀਂ, ਉਸ ਨੂੰ ਇਹਨਾਂ ਵਸਤਾਂ ਦਾ ਡਰ ਸਤਾਉਂਦਾ ਜ਼ਰੂਰ ਹੈ"। ॥11॥

"ਸਾਫ ਤੇ ਮਿਠਾ ਪਾਣੀ ਅਤੇ ਭੱਜਨ ਵਾਲੇ ਢਾਡ ਅਤੇ ਸਿੰਘ ਵਾਲੇ ਪਸ਼ੂਆਂ ਦਾ ਦੋਸ਼ ਕਮਜੋਰ ਮਨੁੱਖ ਨੂੰ ਰੋਕਦਾ ਹੈ। ਇਸੇ ਪ੍ਰਕਾਰ ਪਾਪ ਨੂੰ ਰੋਕਣਾ ਚਾਹਿਦਾ ਹੈ"। ॥12॥

"ਪਾਪ ਕਰਮ ਦੇ ਉਦੈ ਹੋਣ ਤੇ ਆਤਮਾ ਦੁੱਖ ਨੂੰ ਪ੍ਰਾਪਤ ਕਰਦਾ ਹੈ। ਦੋਸ਼ੀ ਵਿਅਕਤੀ ਅਤੇ ਦੋਸ਼ਾਂ ਨੂੰ ਗ੍ਰਹਿਣ ਕਰਨ ਵਾਲਾ ਪਾਪ ਕਰਮਾਂ ਨੂੰ ਜਨਮ ਦਿੰਦਾ ਹੈ"। ॥13॥

"ਭੁਚਾਲ, ਹੜ, ਅੱਗ ਜਾਂ ਘਾਹ ਦੇ ਸਮੂਹ ਵਿੱਚੋ ਮਰਕੇ, ਫਿਰ ਜੀਵ ਉਹਨਾਂ ਜੀਵਾਂ ਦੀ ਹੀ ਹਿੰਸਾ ਕਰਦਾ ਹੈ। ਫਲ ਦਾ ਕਰਮ ਜੇ ਮਜੂਦ ਹੈ ਤਾਂ ਜਿੰਦਗੀ ਵੀ ਚਾਲੂ ਰਹੇਗੀ"। ॥14॥

"ਮਰਨ ਵਾਲੇ ਨੂੰ ਸਮੁੰਦਰ ਜਿਨੀ ਪ੍ਰਿਥਵੀ ਦਾ ਜੀਵਨ ਦੇ ਦਿੱਤਾ ਜਾਵੇ ਤਾਂ ਵੀ ਉਹ ਮਰਨਾ ਨਹੀਂ ਚਾਹੇਗਾ"। ॥15॥

"ਪੁੱਤਰ, ਪਤਨੀ, ਧੰਨ, ਰਾਜ, ਵਿਦਿਆ ਅਤੇ ਗੁਣ ਸਾਰੇ ਪ੍ਰਾਣੀਆਂ ਲਈ ਜਿਉਂਦੇ ਹੋਣ ਤੇ ਹੀ ਉਹਨਾ ਨੂੰ ਆਨੰਦ ਦੇ ਸਕਦੇ ਹਨ"। ॥16॥

"ਲੋਕ ਵਿੱਚ ਪ੍ਰਾਣੀਆਂ ਦੇ ਰਾਹੀ ਦੁਸਰੇ ਜੀਵਾਂ ਨੂੰ ਭੋਜਨ ਇਸ ਲਈ ਦਿਤਾ ਜਾਦਾ ਹੈ ਤਾਂ ਕਿ ਉਹ ਪ੍ਰਾਣਾ ਦੀ ਰੱਖਿਆ ਕਰ ਸਕਣ ਅਤੇ ਦੁੱਖ ਤੋ ਛੁਟਕਾਰਾ ਪਾ ਸਕਣ"। ॥17॥

"ਸ਼ਸਤਰ ਅਤੇ ਅਗਨੀ ਨਾਲ ਜਿਵੇਂ ਅਪਣੇ ਸਰੀਰ ਤੇ ਚੋਟ, ਜਲਨ ਅਤੇ ਵੇਦਨਾ ਹੁੰਦੀ ਹੈ। ਉਸੇ ਪ੍ਰਕਾਰ ਸਾਰੇ ਦੇਹ ਧਾਰੀਆਂ ਨੂੰ ਵੀ ਵੇਦਨਾ ਹੁੰਦੀ ਹੈ"। ॥18॥

"ਪ੍ਰਾਣੀਆਂ ਨੂੰ ਮਰਨਾ ਪਸੰਦ ਨਹੀਂ, ਸਾਰੇ ਪ੍ਰਾਣੀਆਂ ਨੂੰ ਰਹਿਮ ਚੰਗਾ ਲੱਗਦਾ ਹੈ। ਇਸ ਲਈ ਸਾਧੂ ਹਿੰਸਾ ਦਾ ਤਿਆਗ ਕਰੇ"। ॥19॥

"ਅਹਿੰਸਾ ਸਾਰੇ ਪ੍ਰਾਣੀਆਂ ਦੇ ਲਈ ਸ਼ਾਂਤੀ ਦੇਣ ਵਾਲੀ ਹੈ। ਅਹਿੰਸਾ ਸਾਰੇ ਪ੍ਰਾਣੀਆਂ ਵਿੱਚ ਅਤਿੰਦਰੀਆਂ (ਇੰਦਰੀਆਂ ਤੋਂ ਪਰੇ) ਪਾਰਬ੍ਰਹਮ ਪ੍ਰਮਾਤਮਾ ਹੈ"। ॥20॥

"ਸਾਰੇ ਪ੍ਰਾਣੀਆਂ ਪ੍ਰਤੀ ਰਹਿਮ ਕਰਨ ਵਾਲੇ ਮੁਨੀ ਨੂੰ ਦੇਵਿੰਦਰ, ਦਾਨਵਿੰਦਰ ਅਤੇ ਮਸ਼ਹੂਰ ਧਰਤੀ ਦੇ ਰਾਜੇ ਵੀ ਨਮਸ਼ਕਾਰ ਕਰਦੇ ਹਨ"। ॥21॥

"ਦਿਆਸ਼ੀਲ ਮੁਨੀ, ਪ੍ਰਾਣੀਆਂ ਤੇ ਦਿਆ ਦੇ ਲਈ ਤੇਲ ਦੇ ਭਰੇ ਪਾਤਰ ਦੇ ਧਾਰਕ ਦੀ ਤਰ੍ਹਾਂ ਇੱਕ ਮਨ ਹੋ ਕੇ ਜੀਵਨ ਗੁਜਾਰੇ"। ॥22॥

"ਸਾਧੂ ਪ੍ਰਾਣੀ ਮਾਤਰ ਨੂੰ ਰਾਹ ਦਿਖਾਉਂਣ ਵਾਲੀ, ਜਿੰਨੇਦਰ ਭਗਵਾਨ ਰਾਹੀਂ ਫਰਮਾਈ ਆਗਿਆ ਨੂੰ ਸਵਿਕਾਰ ਕਰ ਕੇ ਸਾਰੇ ਬੰਧਨਾ ਤੋਂ ਮੁਕਤ ਹੁੰਦੇ ਹਨ"। ॥23॥

"ਵੀਤਰਾਗ, ਇੰਦਰੀਆਂ ਜੇਤੂ ਗਿਆਨੀ ਦੀ ਗੱਲ ਨੂੰ ਜੋ ਮਨੁੱਖ ਸਵਿਕਾਰ ਨਹੀਂ ਕਰਦੇ ਉਹ ਨਿਸ਼ਚੈ ਹੀ ਦੁੱਖ ਦੇ ਭਾਗੀ ਹੁੰਦੇ ਹਨ"। ॥24॥

"ਜੋ ਜਿਨੇਸ਼ਵਰ ਦੀ ਆਗਿਆ ਦਾ ਭਾਵ ਪੂਰਵਕ ਅਭਿੰਨਦਨ ਕਰਦਾ ਹੈ ਉਸ ਦੇ ਲਈ ਕਲਿਆਣ ਅਤੇ ਸੁੱਖ ਅਪਣੇ ਆਪ ਪ੍ਰਾਪਤ ਹੁੰਦੇ ਹਨ। ਰਿਧੀਆਂ ਉਸ ਦੇ ਲਈ ਦੁਰਲੱਭ ਨਹੀਂ ਹੁੰਦੀਆਂ"। ॥25॥

"ਜਿਵੇਂ ਭਿੰਨ ਭਿੰਨ ਭਾਵ ਅਤੇ ਗੁਣਾਂ ਦੇ ਪ੍ਰਗਟ ਹੋਣ ਤੇ ਮੰਨ ਨੂੰ ਆਨੰਦ ਹੁੰਦਾ ਹੈ ਅਤੇ ਜਿਵੇਂ ਮਗਰਮੱਛ ਤੀਰਥ ਤੇ ਸਥਾਪਤ ਕਮਲਾ ਵਾਲੇ ਸਰੋਵਰ ਵਿੱਚ ਸ਼ੋਭਾ ਪਾਉਂਦਾ ਹੈ ਇਸੇ ਪ੍ਰਕਾਰ ਭਿੰਨ ਭਿੰਨ ਪ੍ਰਕਾਰ ਦੇ ਭਾਵ ਅਤੇ ਗੁਣ ਪ੍ਰਗਟ ਹੋਣ ਤੇ ਜਿਨੇਸਵਰ ਪ੍ਰਮਾਤਮਾ ਦਾ ਸਿਧਾਂਤ ਸ਼ੋਭਾ ਪਾਉਂਦਾ ਹੈ। ਇੱਛਤ ਰਸਾਇਨ ਦੀ ਤਰ੍ਹਾਂ ਜਿਨੇਸਵਰ ਦਾ ਦਰਸ਼ਨ ਕਿਸ ਨੂੰ ਪਿਆਰਾ ਨਹੀਂ ਹੋਵੇਗਾ"? ॥26-27॥

"ਇਸ਼ਨਾਨ ਨਹੀਂ ਕਰਨ ਵਾਲੇ ਵਿਅਕਤੀ ਲਈ ਜਿਵੇਂ ਸਰੋਵਰ ਚੰਗਾ ਲਗਦਾ ਹੈ। ਰੋਗ ਪੀੜਤ ਨੂੰ ਵੈਦ ਦਾ ਘਰ ਅਤੇ ਦਵਾਈ ਚੰਗੀ ਲਗਦੀ ਹੈ। ਭੁੱਖੇ ਪਿਆਸੇ ਨੂੰ ਭੋਜਨ ਚੰਗਾ ਲਗਦਾ ਹੈ। ਯੁੱਧ ਵਿੱਚ ਘਬਰਾਏ ਹੋਏ ਮਨੁੱਖ ਨੂੰ ਸੁਰੱਖਿਅਤ ਸਥਾਨ ਚੰਗਾ ਲਗਦਾ ਹੈ। ਠੰਡ ਤੋਂ ਪੀੜਤ ਮਨੁੱਖ ਨੂੰ ਅੱਗ ਚੰਗੀ ਲਗਦੀ ਹੈ। ਹਵਾ ਤੋਂ ਪੀੜਤ

ਵਿਅਕਤੀ ਨੂੰ ਗਰਮ ਥਾਂ ਚੰਗੀ ਲਗਦੀ ਹੈ। ਭੈ ਰੂਪੀ ਅਗਨੀ ਤੋਂ ਜੋ ਅਪਣੀ ਰੱਖਿਆ ਚਾਹੁੰਦਾ ਹੈ ਅਤੇ ਕਰਜੇ ਤੋਂ ਦੁੱਖੀ ਮਨੁੱਖ ਨੂੰ ਧੰਨ ਚੰਗਾ ਲਗਦਾ ਹੈ"। ॥28-29॥

"ਗੰਭੀਰ ਸ੍ਵੇਤਭੱਦਰ ਹੇਤੂ ਨਯ ਤੋਂ ਉਜਵਲ ਜਿੰਨੇਦਰ ਭਗਵਾਨ ਦੇ ਵਚਨ ਦੀਆਂ ਸ਼ਰਣ ਵਿੱਚ ਜਾਣ ਵਾਲੇ ਨੂੰ ਅਜਿਹਾ ਹੀ ਆਨੰਦ ਅਨੁਭਵ ਹੁੰਦਾ ਹੈ। ਜਿਵੇ ਪਿਆਸੇ ਵਿਅਕਤੀ ਨੂੰ ਪਾਣੀ ਮਿਲਣ ਤੇ ਹੁੰਦਾ ਹੈ"। ॥30॥

"ਠੰਡ ਦੇ ਮੌਸਮ ਦਾ ਜਲ ਸ਼ੁਧ ਹੁੰਦਾ ਹੈ ਪੂਰਨ ਚੰਦਰਮਾ ਮੰਗਲਕਾਰੀ ਹੁੰਦਾ ਹੈ। ਪ੍ਰਕਾਸ਼ ਕਰਦੀ ਕੋਈ ਮਣੀ ਅਤੇ ਵਿਸ਼ਥਾਰ ਵਾਲੀ ਧਰਤੀ ਜਿਵੇਂ ਜੰਗਲਾਂ ਨਾਲ ਸੁਭਾਏਮਾਨ ਹੁੰਦੀ ਹੈ ਇਸੇ ਪ੍ਰਕਾਰ ਸੁਭਾਵਕ ਗੁਣਾਂ ਤੋਂ ਭਰਪੂਰ ਜੈਨ ਧਰਮ ਸੁਭਾਏਮਾਨ ਹੁੰਦਾ ਹੈ। ਜਿਵੇਂ ਚੰਦਰਮਾ ਅਤੇ ਤਾਰਿਆਂ ਦੇ ਸਮੂਹ ਦੇ ਫੈਲਨ ਨਾਲ ਆਕਾਸ਼ ਸੁਭਾਏਮਾਨ ਹੁੰਦਾ ਹੈ"। ॥31-32॥

"ਜਿਸ ਨੇ ਸਰਵਗ ਦਾ ਧਰਮ ਪ੍ਰਾਪਤ ਕੀਤਾ ਹੈ। ਉਸ ਆਤਮਾ ਦਾ ਵਿਗਿਆਨ ਵਿਕਸਤ ਹੁੰਦਾ ਹੈ। ਜਿਵੇਂ ਕਿ ਹਿਮਾਲਿਆ ਪਰਬਤ ਤੇ ਦਰਖਤ ਸ਼ੋਭਾ ਪਾਉਂਦੇ ਹਨ ਅਤੇ ਜਿਵੇਂ ਪਵਿਤਰ ਅਤੇ ਅਸਰਦਾਇਕ ਦਵਾਈ ਦੀ ਸ਼ਕਤੀ ਬਲ ਅਤੇ ਵੀਰਜ ਵਿੱਚ ਵਾਧਾ ਕਰਦੀ ਹੈ ਇਸੇ ਪ੍ਰਕਾਰ ਜਿੰਨੇਦਰ ਭਗਵਾਨ ਦਾ ਧਰਮ ਸਤਵ ਬੁੱਧੀ, ਮਤੀ ਮੇਧਾ ਅਤੇ ਗੰਭੀਰਤਾ ਵਿੱਚ ਵਾਧਾ ਕਰਦਾ ਹੈ"। ॥33-34॥

"ਪ੍ਰਚੰਡ (ਬੁਰੇ) ਰਾਜਾ ਦਾ ਅਤੇ ਸੰਸਾਰ ਵਿੱਚ ਗੁਰੂ ਦਾ ਅਰੋਗਤਾ ਦੇਣ ਵਾਲੇ ਵੈਦ ਦੀ ਆਗਿਆ ਦਾ ਪਾਲਨ ਨਾ ਕਰਨਾ ਦੁੱਖ ਦਾ ਕਾਰਨ ਹੈ"।

"ਚੰਗੇ ਰਾਜੇ ਦਾ ਸਾਸ਼ਨ ਜੰਗਲ ਵਿੱਚ ਰਾਹ ਦੱਸਣ ਵਾਲੇ ਜਾਂ ਸੰਸਾਰ ਰੂਪੀ ਜੰਗਲ ਦੇ ਰਾਹ ਦੱਸਣ ਵਾਲੇ ਗੁਰੂ ਦਾ ਉਪਦੇਸ਼ ਅਤੇ ਵੈਦ ਦੇ ਰੋਗ ਦਾ ਉਪਚਾਰ ਇਹ ਸੱਭ ਲਈ ਭਲਾ ਕਰਨ ਵਾਲਾ ਹੈ"। ॥35-36॥

"ਪੁੰਨਸ਼ੀਲ, ਬੁੱਧੀਮਾਨ, ਜਿੰਨੇਦਰ ਦੇਵ ਦੀ ਆਗਿਆ ਦਾ ਉਲੰਘਣ ਇਸੇ ਪ੍ਰਕਾਰ ਦੁੱਖਕਾਰੀ ਹੈ, ਤਿੰਨ ਲੋਕ ਦੇ ਸਾਰ ਭੂਤ ਮਹਾਨ ਗਿਆਨੀ ਮਹਾਂਪੁਰਸ਼ਾਂ ਨੇ ਜੋ ਆਖਿਆ ਹੈ ਅਤੇ ਜੀਵਨ ਦੇ ਲਈ ਸਹੀ ਹੈ। ਉਸ ਗਿਆਨ ਨੂੰ ਛੋਹ ਕੇ ਉਸ ਤੋਂ ਕਦੇ ਪਿੱਛੇ ਨਾ ਹਟੇ"। ॥37-38॥

"ਰਾਜ ਚਿੰਨ੍ਹ ਬੰਨ ਕੇ ਰਸਤੇ ਸਵਾਰ ਜੋਧਾ ਸਿੰਘਨਾਦ ਕਰਕੇ ਜੇ ਰਣ ਭੂਮੀ ਵਿੱਚੋ ਭੱਜਦਾ ਹੈ ਤਾਂ ਉਹ ਸੋਭਾ ਨਹੀਂ ਪਾਉਂਦਾ। ਅਗੰਧਨ ਕੁਲ (ਇੱਕ ਪ੍ਰਾਚੀਨ ਕੁਲ) ਵਿੱਚ ਪੈਦਾ ਹੋਏ ਸੱਪ ਜੇ ਮਹਾਂ ਵਿਸ਼ ਨੂੰ ਛੱਡ ਕੇ ਫਿਰ ਉਸ ਨੂੰ ਗ੍ਰਹਿਣ ਕਰਦਾ ਹੈ ਤਾਂ ਹੀਨਤਾ ਨੂੰ ਪ੍ਰਾਪਤ ਹੁੰਦਾ ਹੈ"। ॥39-40॥

"ਜਿਵੇਂ ਰੁਕਮੀ ਕੁਲ ਵਿੱਚ ਉਤਪਨ ਹੋਏ ਸੱਪ ਸੁੰਦਰ ਭੋਜਨ ਕਰਕੇ ਉਸ ਨੂੰ ਉਗਲਦੇ ਹਨ ਫਿਰ ਉਸ ਨੂੰ ਖਾ ਜਾਂਦੇ ਹਨ। ਇਸ ਲਈ ਉਹ ਸੱਪ ਧਿਕਾਰ ਦੇ ਪਾਤਰ ਹੁੰਦੇ ਹਨ। ਇਸੇ ਪ੍ਰਕਾਰ ਜਿੰਨੇਦਰ ਭਗਵਾਨ ਦੀ ਆਗਿਆ ਦਾ ਪਾਲਨ ਕਰਨ ਵਾਲਾ ਅਪਣੀ ਆਤਮਾ ਦਾ ਕਲਿਆਣ ਕਰਦਾ ਹੈ। ਸੰਸਾਰ ਦੀ ਅੱਗ ਤੋਂ ਨਿਕਲ ਕੇ ਸੁੱਖੀ ਹੁੰਦਾ ਹੈ ਇਹੋ ਸੱਚਾ ਸੁੱਖ ਹੈ"। ॥41-42॥

"ਇੰਦਰ ਦਾ ਵਜਰ, ਜਲਦੀ ਅੱਗ, ਕਰਜਾ ਅਤੇ ਦੁਸ਼ਮਣ ਇਨੀ ਹਾਨੀ ਨਹੀਂ ਪਹੁੰਚਾ ਸਕਦੇ ਜਿਨ੍ਹਾ ਮਨ ਵਿੱਚ ਪੈਦਾ ਹੋਇਆ ਰਿਧੀ ਦਾ ਹੰਕਾਰ ਪਹੁੰਚਾਉਂਦਾ ਹੈ"। ॥43॥

"ਜ਼ਹਿਰ ਅਤੇ ਮਗਰ ਮੱਛ ਆਦਿ ਨਾਲ ਭਰੇ ਸਰੋਵਰ, ਵਿਸ਼ ਕੰਨਿਆ ਅਤੇ ਮਾਸ ਨਾਲ ਭਰੀ ਨਦੀ ਦੀ ਤਰ੍ਹਾਂ ਸੁੱਖ ਦੇ ਕਰਮ ਵੀ ਅੰਤ ਵਿੱਚ ਦੁੱਖ ਦਾ ਹੀ ਕਾਰਨ ਬਣਦੇ ਹਨ"। ॥44॥

"ਜਿਵੇਂ ਤੇਜ ਤਲਵਾਰ ਮਿਆਨ ਵਿੱਚ ਰਹਿੰਦੀ ਹੈ ਅਤੇ ਅੱਗ ਸੁਆਹ ਵਿੱਚ ਢੱਕੀ ਰਹਿੰਦੀ ਹੈ, ਇਸੇ ਪ੍ਰਕਾਰ ਆਤਮਾ ਦਾ ਜੇਤੂ ਪੁਰਸ਼ ਵੀ ਭਿੰਨ ਭਿੰਨ ਪ੍ਰਕਾਰ ਦੇ ਲਿੰਗ ਅਤੇ ਭੇਸ ਵਿੱਚ ਛੁੱਪੇ ਰਹਿੰਦੇ ਹਨ"। ॥45॥

"ਕਾਮ ਤਿੱਖੀ ਕੈਂਚੀ ਦੀ ਤਰ੍ਹਾਂ ਹੈ ਅਤੇ ਦੁੱਖ ਦਾ ਕਾਰਨ ਹੈ। ਪਰ ਉਹੀ ਤ੍ਰਿਸਨਾ ਦੇਹ ਧਾਰੀਆਂ ਦੇ ਲਈ ਸ਼ਾਂਤੀ ਅਤੇ ਤ੍ਰਿਸਨਾ ਨੂੰ ਛੇਤੀ ਕੱਸ਼ਟ ਦੇਣ ਵਾਲੀ ਹੈ"। ॥46॥

"ਦੇਵ ਨਾਗ, ਗੰਧਰਵ, ਪਸ਼ੂ, ਮਾਨਵ ਦੇ ਨਾਲ ਉਸ ਨੇ ਸਾਰੇ ਸੰਸਾਰ ਦਾ ਤਿਆਗ ਕਰ ਦਿੱਤਾ ਹੈ ਜਿਸ ਨੇ ਤ੍ਰਿਸਨਾ ਦੇ ਬੰਧਨ ਨੂੰ ਤੋੜ ਦਿੱਤਾ ਹੈ"। ॥47॥

"ਅੱਖਾਂ ਵਿੱਚ ਕੱਜਲ ਲਗਾਉਣਾ, ਜਖਮ ਤੇ ਲੈਪ ਕਰਨਾ, ਲਾਖ ਦਾ ਤਪਾਉਣਾ ਅਤੇ ਬਾਨ ਨੂੰ ਝੁਕਾਉਨਾ ਇਹਨਾ ਸਾਰੀਆਂ ਕ੍ਰਿਆਵਾਂ ਪਿੱਛੇ ਕਾਰਜ ਅਤੇ ਕਾਰਨ ਦੀ ਪ੍ਰੰਪਰਾ ਕੰਮ ਕਰ ਰਹੀ ਹੈ"। ॥48॥

"ਤੇਜ ਅੱਗ ਨੂੰ ਘੱਟ ਬਣਾਉਨ ਲਈ ਭੁੱਖ ਤੇ ਕਾਬੂ ਕਰਨ ਲਈ, ਭੋਜਨ, ਸਰਵਗ ਭਗਵਾਨ ਦੇ ਵਚਨ ਵਿੱਚ ਹੀ ਹੈ। ਇਹ ਸੰਜਮ ਦੇ ਲਈ ਹਿਤਕਾਰੀ ਹੈ"। ॥49॥

"ਬੰਧਨ ਚਾਹੇ ਲੋਹੇ ਦਾ ਹੋਵੇ ਜਾਂ ਸੋਨੇ ਦਾ ਉਹ ਦੁੱਖ ਦਾ ਕਾਰਨ ਬਣਦਾ ਹੈ। ਡੰਡੇ ਦਾ ਮੁੱਲ ਕਿਨ੍ਹਾ ਠੀਕ ਕਿਉਂ ਨਾ ਹੋਵੇ, ਉਸ ਦੀ ਚੋਟ ਨਾਲ ਦੁੱਖ ਪਹੁੰਚਦਾ ਹੈ"। ॥50॥

"ਸਵਰਗ ਦੀ ਇੱਛਾ ਤੋਂ ਰਹਿਤ ਹੋ ਕੇ ਬੁੱਧੀਮਾਨ, ਕਾਰਜ ਅਤੇ ਕਾਰਨ ਨੂੰ ਪਹਿਚਾਨੇ। ਆਤਮਾ ਦੇ ਭੱਲੇ ਲਈ ਦੇਹ ਧਾਰਨ ਦੀ ਭਾਵਨਾ ਤੋਂ ਮੁਕਤ ਰਹੇ"। ॥51॥

"ਸੰਸਾਰ ਸਮੁੰਦਰ ਵਿੱਚ ਕਿਸ਼ਤੀ ਚਲਾਉਣ ਵਾਲਾ ਕਿਸਤੀ ਦੀ ਰੱਖਿਆ ਕਰਦਾ ਹੈ। ਨਿਸ਼ਾਨਾ ਪ੍ਰਾਪਤ ਕਰਨ ਦਾ ਇੱਛੁਕ ਮਨੁੱਖ ਥੋੜੇ ਦੀ ਰੱਖਿਆ ਕਰਦਾ ਹੈ। ਜਿਵੇਂ ਭੁੱਖਾ ਮਨੁਖ ਭੋਜਨ ਦੀ ਰੱਖਿਆ ਕਰਦਾ ਹੈ ਉਸੇ ਪ੍ਰਕਾਰ ਸਾਧਕ ਅਪਣੇ ਸਰੀਰ ਦੀ ਰੱਖਿਆ ਕਰਦਾ ਹੈ"। ॥52॥

"ਸਾਧਕ ਅਪਣੇ ਅੰਦਰ ਪ੍ਰਗਟ ਹੋਣ ਵਾਲੀ ਸ਼ਕਤੀ ਦਾ ਸੰਜਮ ਸਹੀ ਪ੍ਰਕਾਰ ਨਾਲ ਇਸਤਮਾਲ ਕਰੇ। ਫੁਲਾਂ ਦੀ ਵਰਤੋਂ ਕਰਨ ਵਾਲੇ ਫੁੱਲ ਦੇ ਆਦਿ ਕਾਰਨ ਬੀਜ ਦੀ ਰੱਖਿਆ ਕਰਦੇ ਹਨ"। ॥53॥

ਇਸ ਪ੍ਰਕਾਰ ਬੇਸ਼੍ਰਮਣ ਅਰਹਤ ਰਿਸ਼ਿ ਨੇ ਆਖਿਆ।

ਰਿਸ਼ਿ ਭਾਸ਼ਿਤ ਪ੍ਰਥਮ ਸੰਗ੍ਰਿਹਣੀ:

ਵੀਹ ਪ੍ਰਤੇਕ ਬੁੱਧ ਭਗਵਾਨ ਅਰਿਸ਼ਟ ਨੇਮੀ ਦੇ ਸਮੇਂ ਹੋਏ, ਪ੍ਰਭੂ ਪਾਰਸ ਨਾਥ ਦੇ ਸਮੇਂ ਪੰਦਰਾਂ ਅਤੇ ਬਾਕੀ ਮੋਹ ਨੂੰ ਜਿੱਤਨ ਵਾਲੇ ਭਗਵਾਨ ਮਹਾਂਵੀਰ ਦੇ ਸਮੇਂ ਹੋਏ ਹਨ। ਇਹਨਾਂ ਦੇ ਨਾਂ ਅਰਹਤ ਰਿਸ਼ਿਆਂ ਦੇ ਨਾਂ ਇਸ ਪ੍ਰਕਾਰ ਹਨ।

1. ਨਾਰਦ, 2. ਬਜੀਐ ਪੁਤਰ, 3. ਅਸਿਤ, 4. ਅੰਗੀ ਰਿਸ਼ਿ, 5. ਪੁਸ਼ਪਸ਼ਾਲ, 6. ਬਲਕਲਚੀਰੀ, 7. ਕੁਰਮ, 8. ਕੇਤਲੀ ਪੁਤਰ, 9. ਕਸ਼ੱਪ, 10. ਤੇਤਲੀ ਪੁੱਤਰ, 11. ਮੰਖਲੀ, 12. ਯੱਗਆ, 13. ਭਿਆਲੀ, 14. ਬਾਹੁਕ ਮਹੁ, 15. ਸੋਰਿਆਨ, 16. ਬਿੰਦੂ, 17. ਬਿੰਪੂ, 18. ਵਰਿਸ ਕ੍ਰਿਸ਼ਨ, 19. ਆਰਿਆ, 20. ਉਤਕਟਵਾਦੀ, 21. ਤਰੂਨ ਰਿਸ਼ਿ, 22. ਗੰਧਰਵ, 23. ਰਾਮ ਅਰਹਤ ਰਿਸ਼ਿ, 24. ਹਰੀ ਗਿਰੀ, 25. ਅੰਬੜ ਮਾਤੰਗ, 26. ਵਾਰਤਾ, 27. ਸ਼ੰਸ, 28. ਆਦਰਕ, 29. ਵਰਦਮਾਨ, 30. ਵਾਯੂ, 31. ਪਾਰਸ਼ਵ, 32. ਪਿੰਗ, 33. ਅਰੁਣ, 34. ਰਿਸ਼ਿ ਗਿਰੀ, 35. ਅਦਾਲਕ, 36. ਵਿੱਤ, 37. ਸ਼੍ਰੀ ਗਿਰੀ, 38. ਸਾਤੀ ਪੁਤਰ, 39. ਸੰਜੇ, 40. ਦਿਪਾਇਨ, 41. ਇੰਦਰਨਾਗ, 42. ਸ਼ੋਮ, 43. ਯਮ, 44. ਵਰੁਣ, 45. ਵੇਸ਼੍ਰਮਣ। ॥1-6॥

ਸੰਗ੍ਰਿਹਣੀ ਗਾਥਾ ਦੋ:

ਰਿਸ਼ਿ ਭਾਸਤ ਸੂਤਰ ਦੀ ਗਾਥਾ ਅਨੁਸਾਰ 45 ਅਧਿਐਨਾਂ ਦੇ ਨਾਂ ਇਸ ਪ੍ਰਕਾਰ ਹਨ:

1. ਸੋਯਵੰਵ, 2. ਜਸਸ, 3. ਅਭਿਲੇਵ, 4. ਆਦਾਨ ਰਕਿਖ, 5. ਮਾਨਾ, 6. ਤਮ, 7. ਸਵ੍ਵ, 8. ਆਰਾਏ, 9. ਜਾਵ, 10. ਸੂਦੇਯ, 11. ਨਿਵਵੇਯ, 12. ਲੋਕੇਸਨਾ, 13. ਕਿਮਤ੍ਰਥ, 14. ਜੂਰਤ, 15. ਸਾਤਾ, 16. ਵਿਸਯ, 17. ਵਿਜਜਾ, 18. ਬਜਜ,

19. ਆਰਿਆ, 20. ਉਕੱਲ, 21. ਨਾਂਗਤਿ ਜਾਨਾਮਿ, 22. ਪਡਿਸਾਡੀ, 23. ਠਵਨ ਦੁਵੇਮਰਨੇ, 24. ਸੱਵਂ, 25. ਵੰਸ, 26. ਧੰਮ, 27. ਸਾਹੂ, 28. ਸੋਤ, 29. ਸੰਵਤਿ, 30. ਅਹਸਵੱਤੋ, 31. ਸਮੇਲੋਏ, 32. ਕਿਸੀ, 33. ਬਾਲੇ, 34. ਪੰਡਿਤ ਸਗਨਾ, 35. ਕ੍ਰਿਸ਼ਨ, 36. ਤਪੱਤ, 37. ਉਦੈਯ, 38. ਸੁੱਬਾ, 39. ਪਾਵ, 40. ਇੱਛਾ ਅਨਿਛਾ, 41. ਆਜੀਵਓ, 42. ਓਂਪਜਿਨਯ, 43. ਲਾਭੇ, 44. ਗੋਠਾਨਿਹਿਂ, 45. ਅਮਪ ਪਾਪਨ ਹਿੰਸਾਯੂ